# ਕਿਤਾਬ ਏ ਜੰਗਲ ਭਾਗ ਪਹਿਲਾ

## ਕਹਾਣੀ ਮੁਗਲੀ ਦੀ

# The Jungle Book

## The Story of Mowgli



ਰੁਡਯਾ੍ਡ ਕਿਪਲਿੰਗ ਦੀ "ਦ ਜੰਗਲ ਬੁਕ" ਦਾ ਤਰਜਮਾ

ਤਨਵੀਰ ਸਿੰਘ

ਅਕੱਥ ਕਥਾ ਪਬਲੀਕੇਸ਼੍ਨਸ

ਓਪਨ ਗੁਰਦੁਆਰਾ ਫਾਉਂਡੇਸ਼ਨ

ਓਂਟੈਰਿਓ । ਕੈਨਡਾ

Translation of Rudyard Kipling's

"The Jungle Book"

By Tanveer Singh

Akath Katha Publications
Open Gurdwara Foundation
Ontario, Canada

This work is licensed under a Creative Commons Attribution-NonCommercial-NoDerivs 3.0 Unported License available at http://creativecommons.org/licenses/by-nc-nd/3.0/legalcode

You are free:

to Share — to copy, distribute and transmit this work (Kitab - e - Jungle Part Two)

Under the following conditions:

| | |
|---|---|
| Attribution | You must attribute this work (but not in any way that suggests that the author or Akath Katha Publications, endorse you or your use of the work). |
| Noncommercial | You may not use this work for commercial purposes. |
| No Derivative Works | You may not alter, transform, or build upon this work. |

With the understanding that:

| | |
|---|---|
| Waiver | Any of the above conditions can be waived if you get permission from the copyright holder. |
| Public Domain | Where the work or any of its elements is in the public domain under applicable law, that status is in no way affected by the license. |
| Other Rights | In no way are any of the following rights affected by the license:<br>• Your fair dealing or fair use rights, or other applicable copyright exceptions and limitations;<br>• The author's moral rights;<br>• Rights other persons may have either in the work itself or in how the work is used, such as publicity or privacy rights. |
| Notice | For any reuse or distribution, you must make clear to others the license terms of this work. |

2013 - 2017 Tanveer Singh, Akath Katha Publications, Ontario, Canada. Some rights reserved.

ਇਹ ਕਾਰਜ(ਕਿਤਾਬ ਏ ਜੰਗਲ ਭਾਗ ਪਹਿਲਾ) ਆਮ ਸਿਰਜਨਾਤਮਕ ਗੁਣ ਆਰੋਪਣ-ਗੈਰ ਵਪਾਰਕ-ਗੈਰ ਵਿਉਤਪੱਨ ੩.੦ ਬੇ ਤਬਦੀਲ ਆਗਿਆ ਪੱਤਰ ਹੇਠ ਮੁਹਇਆ ਕਰਾਇਆ ਗਇਆ ਹੈ॥

ਤੁਸੀਂ ਅਜਾਦ ਹੋਂ:

ਇਸ ਕਿਤਾਬ ਏ ਜੰਗਲ ਭਾਗ ਪਹਿਲੇ ਨੂੰ ਸਾਂਝਾ ਕਰਨ ਵਾਸਤੇ । ਜਾਂ ਫੇਰ ਇਸਦੀਆਂ ਨਕਲਾਂ ਕਰਨ ਵਾਸਤੇ । ਜਾਂ ਫੇਰ ਇਸ ਕਾਰਜ ਨੂੰ ਵੰਡਨ ਜਾਂ ਪਰਚਾਰ ਕਰਨ ਵਾਸ੍ਤੇ ॥

ਸਿਰਫ ਹੇਠ ਲਿਖੀਆਂ ਸ਼ਰਤਾਂ ਦੇ ਮੁਤਾਬਕ:

ਗੁਣ ਆਰੋਪਣ — ਇਸ ਕਾਰਜ ਦਾ ਗੁਣ ਆਰੋਪਣ ਕਰਨਾ ਹੈ(ਮਗਰ ਇਸ ਤਰੀਕੇ ਨਾਲ ਨਹੀਂ ਕਿ ਇੰਝ ਜਾਪੇ ਕਿ ਤੁਹਾਨੂੰ ਲੇਖਕ ਜਾਂ ਅਕੱਥ ਕਥਾ ਪਬਲੀਕੇਸ਼ਨ੍ਸ ਦੀ ਆਗਿਆ ਪ੍ਰਾਪਤ ਹੈ ਜਾਂ ਲੇਖਕ ਤੁਹਾਡੇ ਨਾਲ ਸਹਮਤਿ ਹੈ) ॥

ਗੈਰ ਵਪਾਰਕ — ਇਸ ਕਿਤਾਬ ਏ ਜੰਗਲ ਭਾਗ ਪਹਿਲੇ ਦਾ ਇਸ੍ਤੁਮਾਲ ਤੁਸੀ ਕਿਸੇ ਵਪਾਰਕ ਕੰਮ ਵਾਸਤੇ ਜਾਂ ਪੈਸਾ ਕਮਾਉਣ ਵਾਸਤੇ ਨਹੀਂ ਕਰ ਸਕਦੇ ॥ ਤੁਸੀਂ ਇਸਨੂੰ ਛਾਪ ਕੇ ਵੇਚ ਨਹੀਂ ਸਕਦੇ ਅਤੇ ਇਸ ਤੋਂ ਮੁਨਾਫਾ ਨਹੀਂ ਕਮਾ ਸਕਦੇ ॥

ਗੈਰ ਵਿਉਤਪੱਨ — ਤੁਸੀਂ ਇਸ ਕਿਤਾਬ ਏ ਜੰਗਲ ਭਾਗ ਪਹਿਲੇ'ਚ ਫੇਰ ਬਦਲ ਨਹੀਂ ਸਕਦੇ ਜਾਂ ਫੇਰ ਇਹ੍ਹੇ'ਤੇ ਅਧਾਰਤ ਕੋਈ ਹੋਰ ਕਾਰਜ ਨਹੀਂ ਬਨਾ ਸਕਦੇ ਹੋਂ ॥

ਇਸ ਸਮਝ ਨਾਲ ਕਿ:

**ਛੋਟ** — ਉੱਪਰ ਲਿਖੀਆਂ ਸਾਰੀਆਂ ਸ਼ਰਤਾਂ'ਤੋਂ ਛੋਟ ਮਿਲ ਸਕਦੀ ਹੈ ਜੇਕਰ ਤੁਸੀਂ ਲੇਖਕ(ਕਾਪੀਰਾਈਟ ਹੋਲਡਰ) ਤੋਂ ਆਗ੍ਯਿਆ ਪ੍ਰਾਪਤ ਕਰ ਲਵੋਂ

**ਲੋਕੱਕ ਕਾਰਜ ਖੇਤਰ** — ਜੇਕਰ ਇਹ ਕਾਰਜ ਜਾਂ ਇਸ ਕਾਰਜ ਦੇ ਕੁਝ ਤਤ੍ਵ ਲੋਕੱਕ ਕਾਰਜ ਖੇਤਰ'ਚ ਹਣ ਇਸ ਆਗਿਆ ਪਤ੍ਰ ਨਾਲ ਉਧੀ ਹੈਸਿਅਤ'ਚ ਕੋਈ ਤਬਦੀਲੀ ਨਹੀਂ ਆਵੇਗੀ

**ਬਾਕੀ ਹੱਕ** — ਹੇਠ ਲਿਖੇ ਹੱਕ ਕਿਸੇ ਭੀ ਤਰੀਕੇ ਨਾਲ ਇਸ ਆਗ੍ਯਿਆ ਪਤ੍ਰ ਕਰਕੇ ਅਸਰ ਪਾਉਂਦੇ ਨੇ :

- ਤੁਹਾਡਾ ਵਾਜਬ ਇਸ੍ਤੁਮਾਲ ਕਰਨ ਦਾ ਹੱਕ ਜਾਂ ਫੇਰ ਲਾਗੂ ਕਾਪੀਰਾਈਟ ਦੀਆਂ ਕਮਜੋਰੀਆਂ ਜਾਂ ਛੋਟ
- ਲੇਖਕ ਦੇ ਨੈਤਕ ਹੱਕ
- ਬਾਕੀ ਲੋਕਾਂ ਦੇ ਹੱਕ ਇਸ ਕਾਰਜ'ਚ ਜਾਂ ਜਿਵੇਂ ਇਸ ਨੂੰ ਇਸ੍ਤੁਮਾਲ ਕੀਤਾ ਗਇਆ ਹੈ ਜਿਵੇਂ ਕਿ ਮਸ਼ੂਰੀ ਕਰਨਾ ਅਤੇ ਨਿਜੀ ਹੱਕ

**ਹਿਦਾਇਤ** — ਵੰਡਨ ਜਾਂ ਦੁਬਾਰਾ ਇਸ੍ਤੁਮਾਲ(ਇਸ ਕਾਰਜ ਨੂੰ ਕੁਝ ਹੋਰ ਬਣਾਉਨ ਵਾਸਤੇ) । ਤੁਹਾਨੂੰ ਇਸ ਕਾਰਜ ਦੀਆਂ ਸ਼ਰਤਾਂ ਇਸ ਆਗ੍ਯਿਆ ਪਤ੍ਰ ਹੇਠ ਦੂਜਿਆਂ ਨੂੰ ਸਾਫ ਕਰਨੀਆਂ ਚਾਹਿਦੀਆਂ ਨੇ ॥

ਇਹ ਤਰਜਮਾ ਤੁਹਾਡੀ ਸਹੂਲਿਅਤ ਵਾਸਤੇ ਮੁਹਇਆ ਕਰਾਇਆ ਗਇਆ ਹੈ ਕਿਸੇ ਭੀ ਸ਼ੱਕ ਜਾਂ ਸ਼ੁਭਾ ਦੀ ਹਾਲਤ'ਚ English Version ਹੀ ਲਾਗੂ ਹੋਵੇਗਾ.

೨੦੧੩ - ੨੦੧੭ ਤਨਵੀਰ ਸਿੰਘ । ਅਕੱਥ ਕਥਾ ਪਬਲੀਕੇਸ਼ਨ੍ਸ । ਓਂਟੈਰਿਓ । ਕੈਨੇਡਾ ॥ ਕੁਝ ਹੱਕ ਰਾਖਵੇਂ ॥

# ਦੋ ਸ਼ਬਦ (ਦੂਸਰੀ ਜਿਲਦ)

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ॥ ਮਾਂ ਬੋੱਲੀ ਪੰਜਾਬੀ ਨੂੰ ਅਜ ਇਕ ਵੱਢਾ ਖਤਰਾ ਹੈ। ਖਤਮ ਹੋ ਜਾਣ ਦਾ ਖਤਰਾ ॥ ਪੰਜਾਬੀ ਦੋਵਾਂ ਪੰਜਾਬਾਂ'ਚ ਯਤੀਮ ਹੋ ਚੁੱਕੀ ਹੈ ॥ ਲਹਿੰਦੇ ਪੰਜਾਬ'ਚ ਉਰਦੂ ਨੂੰ ਤਵੱਜੋ ਦਿਤ੍ਤੀ ਜਾਉਂਦੀ ਹੈ ਅਤੇ ਚੜ੍ਹਦੇ ਪੰਜਾਬ'ਚ ਹਿੰਦੀ ਨੂੰ ॥ ਅੱਜ ਪੰਡਤ ਰਾਓ ਧਾਰੇਨ੍ਨਵਰ ਵਰਗੇ ਸੱਜਣ ਸਾਨੂੰ ਸੋਚ੍ਹਣ'ਚ ਮਜਬੂਰ ਕਰਦੇ ਨੇ ਕਿ ਕਿਵੇਂ ਅਸੀਂ ਆਪਣੀ ਮਾਂ ਬੋੱਲੀ ਪੰਜਾਬੀ ਦੀ ਬੇਅਦਬੀ ਕਰਦੇ ਪਏ ਹਾਂ ॥ ਚੜ੍ਹਦੇ ਪੰਜਾਬ'ਚ ਹਿੰਦੀ ਪੰਜਾਬੀ'ਤੇ ਹਾਵੀ ਹੋ ਚੁੱਕੀ ਹੈ ॥ ਜਿਵੇਂ ਕਿ "ਜਾਣਕਾਰੀ ਲੈਣ ਲਈ ਸੰਪਰਕ ਕਰੋ" ਆਮ ਹੀ ਸੁਣਨ ਨੂੰ ਮਿਲਦਾ ਹੈ। ਉ੍ਹਧੇ'ਚ ਪੰਜਾਬੀ ਕਿੱਥੇ ਹੈ ਦੱਸੋ ? ਕੋਈ ਭੀ ਜ਼ੁਬਾਨ ਬੁਰੀ ਨਹੀਂ ਪਰ ਜਦੋਂ ਇਕ ਜ਼ੁਬਾਨ ਨੂੰ ਖਤਮ ਕਰਨ ਵਾਸ੍ਤੇ ਦੂਸਰੀ ਉ੍ਹਧੇ'ਤੇ ਥੱਪ ਦਿਤ੍ਤੀ ਜਾਵੇ'ਤੇ ਇਹ ਗਲਤ ਹੈ ॥ ਉ੍ਹਧੀ ਇਕ ਵਜ੍ਹਾ ਸ਼ਾਇਦ ਹਿੰਦੁਸ੍ਤਾਨ ਦੀ ਸਰਕਾਰ ਦੀ ਪਾਲਸੀ ਹੋ ਸਕਦੀ ਹੈ ॥ ਸੋ ਜੇ ਅੱਜ ਅਸੀਂ ਪੰਜਾਬੀ ਅਤੇ ਪੰਜਾਬਿਅਤ ਨੂੰ ਬਚਾਉਨਾ ਚਾਹੁੰਦੇ ਹਾਂ'ਤੇ ਸਾਨੂੰ ਆਪਣੀ ਨਵੀਂ ਪਨੀਰੀ ਨੂੰ ਪੰਜਾਬੀ ਅਤੇ ਗੁਰਮੁਖੀ ਜਰੂਰ ਸਿਖਾਉਨੀ ਚਾਹਿਦੀ ਹੈ ॥

ਸੋ ਇਹ ਮੇਰੀ ਕੋਸ਼ਿਸ਼ ਹੈ ਕਿ ਦਿਲਚਸਪ ਕਹਾਂਣੀਆਂ ਜਿੜ੍ਹੀਂਆਂ ਬਚ੍ਹਿਆਂ ਨੂੰ ਪਹਿਲਾਂ ਹੀ ਪਤਾ ਨੇ। ਓਨ੍ਹਾਂ ਦਾ ਪੰਜਾਬੀ'ਚ ਤਰਜਮਾ ਕਰਕੇ ਬਚ੍ਹਿਆਂ ਨੂੰ ਪੰਜਾਬੀ ਸਿਖਾਈ ਅਤੇ ਪੜ੍ਹਾਈ ਜਾਵੇ ॥ ਇਸ ਸੋਚ ਦੇ ਨਾਲ ਮੈਂ ਰੁਡਯ੍ਹਾਡ ਕਿਪਲਿੰਗ ਦੀ "ਦ ਜੰਗਲ ਬੁੱਕ" ਦਾ ਤਰਜਮਾ ਕੀਤ੍ਤਾ ਹੈ ॥

ਜਿੜ੍ਹਾ ਬਚ੍ਹਾ ਬਿਲਕੁਲ ਪੰਜਾਬੀ ਜਾਂ ਗੁਰਮੁਖੀ ਨਹੀਂ ਜਾਣਦਾ ਓਨ੍ਹੂ ਇਸ ਕਿਤਾਬ ਦੀ ਦੁਬੋੱਲੀ ਜਿਲਦ ਨਾਲ ਸਿੱਖਨ ਦਾ ਕਾਰਜ ਅਰੰਭ ਕਰਨਾ ਚਾਹਿਦਾ ਹੈ ਅਤੇ ਨਾਲ ਹੀ ਨਾਲ ਇਸ ਕਿਤਾਬ ਦਾ ਜੋੜੀਦਾਰ ਕਾਇਦਾ ਭੀ ਪੜ੍ਹਨਾ ਚਾਹਿਦਾ ਹੈ ॥ ਉ੍ਹਧੇ ਨਾਲ ਬਚ੍ਹਿਆਂ ਨੂੰ ਇਹ ਕਿਤਾਬ ਪੜ੍ਹਨ'ਚ ਅਸਾਨੀ ਹੋਵੇਗੀ ਅਤੇ ਨਾਲ ਹੀ ਨਾਲ ਓਨ੍ਹਾਂ ਦੀ ਦਿਲਚਸਪੀ ਬਣੀ ਰਹੇਗੀ ॥

ਉੱਮੀਦ ਕਰਦਾਂ ਹਾਂ ਕਿ ਆਪ ਸੱਭ ਨੂੰ ਇਹ ਕਿਤਾਬ ਪੰਜਾਬੀ/ਗੁਰਮੁਖੀ ਸਿੱਖਣ'ਚ ਸਹਾਈ ਹੋਵੇਗੀ ॥

ਗੁਰ ਫਤਿਹ
ਤਨਵੀਰ ਸਿੰਘ

ਸੇਵਾਦਾਰ। ਓਪਨ ਗੁਰਦੁਆਰਾ ਫਾਂਉਂਡੇਸ਼ਨ
ਟੋਰੰਟੋ। ਓਂਟੈਰਿਓ
ਕੈਨਡਾ

੧ ਨਵੰਬਰ ੨੦੧੭

# ਤਤਕਰਾ/Contents


ਦੋ ਸ਼ਬਦ (ਦੂਸਰੀ ਜਿਲ੍ਹ)........v

ਕਿਤਾਬ ਏ ਜੰਗਲ The Jungle Book........੧

ਮੁਗਲੀ ਦੇ ਭਾਈ ਬੰਧ Mowgli's Brothers........੨

ਸਿਉਨੀ ਦਲ ਦਾ ਸ਼ਿਕਾਰ - ਗੀਤ Hunting-Song of the Seeonee Pack........੪੦

ਕਾ ਦਾ ਸ਼ਿਕਾਰ Kaa's Hunting........੪੨

ਕਾ ਦਾ ਸ਼ਿਕਾਰ Kaa's Hunting........੪੪

ਬਾਂਦਰ - ਲੋਕਾਂ ਦਾ ਗੀਤ ਏ ਸੜਕ Road-Song of the Bandar-Log........੬੭

ਚੀਤਾ ! ਚੀਤਾ ! "Tiger! Tiger!"........੬੯

ਚੀਤਾ ! ਚੀਤਾ ! "Tiger! Tiger!"........੯੦

ਮੁਗਲੀ ਦਾ ਗੀਤ Mowgli's Song........੧੨੨

# ਕਿਤਾਬ ਏ ਜੰਗਲ

## The Jungle Book

ਹੁਣ ਰਣ ਜੋ ਹੈ ਬਾਜ ਘਰ ਲਿਆਇਆ ਹੈ ਰਾਤ
Now Rann the Kite brings home the night

ਜਿਸ ਨੂੰ ਮੰਗੂ ਚਮਗਿਦੂੜ ਕਰਦਾ ਹੈ ਅਜਾਦ -
That Mang the Bat sets free—

ਇੱਜੜ ਤਬੇਲੇ ਅਤੇ ਝੁਗ੍ਗੀ'ਚ ਹੈ ਬੰਦ
The herds are shut in byre and hut

ਸਵੇਰ ਤਕ ਅਸੀਂ ਹਾਂ ਖੁਲ੍ਹੇ ਤੇ ਅਜਾਦ
For loosed till dawn are we.

ਸਮਾਂ ਹੈ ਇਹ ਕਰਨ ਦਾ ਗਰੂਰ ਅਤੇ ਵਿਖਾਉਣ ਦਾ ਦੰਮ ।
This is the hour of pride and power,

ਨੌਂਹ ਅਤੇ ਬੜੀ ਬੇਸਬਰੀ ਅਤੇ ਇਹ ਪੰਜ ॥
Talon and tush and claw.

ਓਹ ਸੁਣੋ ਇਹ ਪੁਕਾਰ ! - ਹੋਵੇ ਵਧਿਆ ਸ਼ਿਕਾਰ
Oh, hear the call!—Good hunting all

ਮਨ੍ਹੋ ਕਨੂੰਨ ਜੰਗਲ ਦਾ !
That keep the Jungle Law!

*ਇਹ ਰਾਤ ਗੀਤ । ਵਿਚ ਜੰਗਲ*
*Night-Song in the Jungle*



# ਮੁਗਲੀ ਦੇ ਭਾਈ ਬੰਧ

## Mowgli's Brothers

ਸਿਉਨੀ ਦੀ ਪਹਾੜੀ'ਚ ਇਕ ਗਰਮੀ ਭਰੀ ਸ਼ਾਮ ਨੂੰ ਸਤੁ ਵਜੇ ਦਾ ਸਮਾ ਸੀ ਜਦੋਂ ਪਿਤਾ ਬਘਿਆੜ ਅਪਨੀ ਨੀਂਦ'ਚੋਂ ਜਾਗਿਆ । ਅਪਨੇ ਆਪ ਨੂੰ ਖੁਰਕਿਆ । ਉਬਾਸੀ ਲਈ ਅਤੇ ਅਪਨੇ ਇਕ ਇਕ ਕਰਕੇ ਸਾਰੇ ਪੰਜੇ ਪਸਾਰੇ । ਕਿ ਨੀਂਦ ਦੂਰ ਹੋਵੇ ॥ ਮਾਤਾ ਬਘਿਆੜ ਅਪਨਾ ਵੱਢਾ ਸਲੇਟੀ ਨੱਕ ਸੁਟਕੇ ਅਪਨੇ ਚੁਲਬੁਲਾਉਂਦੇਂ ਹੋਏ ਚਾਰ ਬਲੂੰਗੜਿਆਂ ਨਾਲ ਲੰਮੀਂ ਪਈ ਹੋਈ ਸੀ ਅਤੇ ਚੰਦ੍ਰਮਾਂ ਗੁਫਾ ਦੇ ਮੂੰਹ ਤੇ ਚਮਕਦਾ ਪਇਆ ਸੀ । ਜਿੱਥੇ ਇਹ ਸਾਰੇ ਰਹਿੰਦੇ ਸੀ ॥ ਆਹ ਫੇਰ ਸ਼ਿਕਾਰ ਕਰਨ ਦਾ ਸਮਾਂ ਆ ਗਿਆ । ਪਿਤਾ ਬਘਿਆੜ ਨੇ ਕਿਹਾ॥ ਓਹ ਛਲਾਂਗਾਂ ਮਾਰ ਪਹਾੜੀ ਉਤਰਨ ਵਾਲਾ ਹੀ ਸੀ ਕਿ ਇਕ ਪਰਛਾਂਈ ਨੇ ਉ੍ਧਾ ਰਸ੍ਤਾ ਕਟ੍ਿਆ ਅਤੇ ਅਵਾਜ ਆਈ "ਵਢਭਾਗੀ ਹੋਵੋ ਓਹ ਬਘਿਆੜਾਂ ਦੇ ਸਰਦਾਰ ॥ ਅਤੇ ਵਢਭਾਗ ਤੇ ਮਜਬੂਤ ਚਿਟ੍ੇ ਦੰਦ ਨਵਾਬੀ ਬਚ੍ਿਆਂ ਦੇ ਹੁਦੇਂ ਹਣ ਤਾਕਿ ਓਹ ਕਦੇ ਭੀ ਇਸ ਸੰਸਾਰ ਦੇ ਭੁਖਿਆਂ ਨੂੰ ਨਾਂ ਭੁੱਲਣ" ॥

It was seven o'clock of a very warm evening in the Seeonee hills when Father Wolf woke up from his day's rest, scratched himself, yawned, and spread out his paws one after the other to get rid of the sleepy feeling in their tips. Mother Wolf lay with her big gray nose dropped across her four tumbling, squealing cubs, and the moon shone into the mouth of the cave where they all lived. "Augrh!" said Father Wolf. "It is time to hunt again." He was going to spring down hill when a little shadow with a bushy tail crossed the threshold and whined: "Good luck go with you, O Chief of the Wolves. And good luck and strong white teeth go with noble children that they may never forget the hungry in this world."

ਤਬਾੱਕੀ । ਓਹ ਇਕ ਗਿਦ੍ਦੂੜ ਸੀ ॥ ਤਸ੍ਤਰਿਆਂ ਚੱਟਨ ਵਾਲਾ। ਅਤੇ ਹਿੰਦੁਸ੍ਤਾਨ ਦੇ ਬਘਿਆੜ ਤਬਾੱਕੀ ਤੋਂ ਨਫਰਤ ਕਰਦੇ ਸੀ ਕਿਓਂਕਿ ਓਹ ਸ਼ਰਾਰਤਾਂ ਕਰਦਾ ਫਿਰਦਾ ਸੀ ॥ ਕਹਾਣਿਆਂ ਸੁਣਾਉਂਦਾ ਫਿਰਦਾ ਸੀ ਅਤੇ ਲੀੜੇ ਅਤੇ ਚਮੜੇ ਦੇ ਟੋਟ੍ੇ ਪਿੰਡ ਦੇ ਕੂੜੇ ਦੇ ਢੇਰਾਂ'ਚੋਂ ਚੁਕ ਕੇ ਖਾਉਂਦਾ ਸੀ ॥ ਮਗਰ ਓਹ ਤਬਾੱਕੀ ਤੋਂ ਡਰਦੇ ਭੀ ਨੇ ਕਿਓਂਕਿ ਤਬਾੱਕੀ ਨੂੰ ਪਾਗਲ ਹੋਣ ਦਾ ਅੰਦੇਸ਼ਾ ਹੈ ਅਤੇ ਓਹ ਉਸ ਵੇਲੇ ਭੁੱਲ ਜਾਉਂਦਾ ਹੈ ਕਿ ਓਹ ਕਿਸੇ ਤੋਂ ਡਰਦਾ ਭੀ ਸੀ । ਅਤੇ ਜੰਗਲ'ਚ ਦੌੜਨ ਲਗ ਪੈਂਦਾ ਹੈ । ਜੋ ਭੀ ਉ੍ਧੇ ਰਸ੍ਤੇ ਵਿਚ ਆਓਂਦਾ ਹੈ ਉਸ ਨੂੰ ਦੰਦੀਆਂ ਵੱਢ ਲੈਂਦਾ ਹੈ ॥ ਇਥੋਂ ਤਕ ਕਿ ਚੀਤਾ ਭੀ ਨ੍ਹੱਸ ਕੇ ਲੁਕ ਜਾਉਂਦਾ ਹੈ ਜਦੋਂ ਛੋਟ੍ਾ ਤਬਾੱਕੀ ਪਾਗਲ ਹੋ ਜਾਉਂਦਾ ਹੈ । ਕਿਓਂਕਿ ਪਾਗਲਪਨ ਸਭ'ਤੋਂ ਜਿਆਦਾ ਭੈੜੀ ਚੀਜ ਹੈ ਜੋ ਇਕ ਜੰਗਲੀ ਜੀਅ'ਤੇ ਹਾਵੀ ਹੋ ਜਾਵੇ ॥ ਅਸੀਂ

ਇਸ ਨੂੰ ਪਾਣੀ ਤੋਂ ਲੱਗਣ ਵਾਲਾ ਡਰ ਆਖਦੇ ਹਾਂ ਪਰ ਓਹ ਇਸ ਨੂੰ ਦਿਵਾਨੀ - ਪਾਗਲਪਨ - ਕਹਿਦੇਂ ਨੇ ਅਤੇ ਦੌੜ ਜਾਉਂਦੇ ਨੇ ॥

It was the jackal—Tabaqui, the Dish-licker—and the wolves of India despise Tabaqui because he runs about making mischief, and telling tales, and eating rags and pieces of leather from the village rubbish-heaps. But they are afraid of him too, because Tabaqui, more than anyone else in the jungle, is apt to go mad, and then he forgets that he was ever afraid of anyone, and runs through the forest biting everything in his way. Even the tiger runs and hides when little Tabaqui goes mad, for madness is the most disgraceful thing that can overtake a wild creature. We call it hydrophobia, but they call it dewanee—the madness—and run.

"ਅੰਦਰ ਆ'ਤੇ ਵੇਖ" ਪਿਤਾ ਬਘਿਆੜ ਨੇ ਔਖਾ ਹੋਕੇ ਕਿਹਾ "ਮਗਰ ਇੱਥੇ ਕੋਈ ਭੋਜਨ ਨਹੀਂ ਹੈ" ॥

"Enter, then, and look," said Father Wolf stiffly, "but there is no food here."

"ਇਕ ਬਘਿਆੜ ਵਾਸ੍ਤੇ ਨਹੀਂ" ਤਬਾੱਕੀ ਨੇ ਕਿਹਾ । "ਪਰ ਮੇਰੇ ਵਰਗੇ ਕਮੀਨੇ ਵਾਸ੍ਤੇ ਤਾਂ ਇਕ ਸੁੱਕੀ ਹੱਡੀ ਭੀ ਇਕ ਵੱਢਾ ਭੋਜ ਹੈ" ॥ ਅਸੀਂ ਕੌਣ ਲੋਗ ਹਾਂ । ਗਿਦੂੜ ਲੋਗ । ਅਪਨੀ ਮਨ ਮਰਜੀ ਕਰਨ ਵਾਲੇ ॥ ਓਹ ਗੁਫਾ ਦੇ ਪਿਛਲੇ ਪਾਸੇ ਚਲਾ ਗਿਆ ਜਿੱਥੇ ਉਸ ਨੂੰ ਇਕ ਹਿਰਣ ਦੀ ਹੱਡੀ ਲਭ ਪਈ ਜਿਸਦੇ ਉੱਪਰ ਕੁਝ ਮਾਸ ਲਗ੍ਗਾ ਹੋਇਆ ਸੀ। ਅਤੇ ਓਹ ਬੈਠ ਕੇ ਉਸ ਨੂੰ ਚਬਾ ਕੇ ਅਨੰਦ ਮਾਨਣ ਲਗ ਪਿਆ ॥

"For a wolf, no," said Tabaqui, "but for so mean a person as myself a dry bone is a good feast. Who are we, the Gidur-log [the jackal people], to pick and choose?" He scuttled to the back of the cave, where he found the bone of a buck with some meat on it, and sat cracking the end merrily.

"ਇਸ ਅੱਛੇ ਭੋਜਨ ਵਾਸ੍ਤੇ ਬਹੁਤ ਸ਼ੁਕ੍ਰਿਆ ।" ਓਨ੍ਹੇ ਅਪਨੇ ਬੁੱਲ ਚਟ੍ਦੇ ਹੋਏ ਕਿਹਾ ॥ "ਕਿਨ੍ਹੇ ਸੋਹਣੇ ਹਣ ਨਵਾਬੀ ਬਚ੍ਚੇ ! ਇਨ੍ਹਾਂ ਦੀਆਂ ਅੱਖਾਂ ਕਿਨ੍ਹੀਆਂ ਵੱਢੀਆਂ ਨੇ ! ਅਤੇ ਕਿਨ੍ਹੇ ਜਵਾਨ ਭੀ ਹਣ । ਬੇਸ਼ਕ ਮੈਨੂੰ ਸ਼ਾਇਦ ਯਾਦ ਹੈ ਕਿ ਰਾਜਿਆਂ ਦੇ ਬਚ੍ਚੇ ਸ਼ੁਰੂ'ਤੋਂ ਹੀ ਮਰ੍ਦ ਹੁੰਦੇ ਨੇ" ॥

"All thanks for this good meal," he said, licking his lips. "How beautiful are the noble children! How large are their eyes! And so young too! Indeed, indeed, I might have remembered that the children of kings are men from the beginning."

ਹੁਣ ਤਬਾੱਕੀ ਅਤੇ ਕਿਸੇ ਹੋਰ ਨੂੰ ਭੀ ਪਤਾ ਸੀ ਕਿ ਇਹ ਕਿਨ੍ਹੀ ਮੰਦਭਾਗੀ ਗੱਲ ਹੈ। ਬਚ੍ਚਿਆਂ ਦੀ ਓਨ੍ਹਾਂ ਦੇ ਮੂੰਹ'ਤੇ ਤਰੀਫ ਕਰਨਾ ॥ ਉਸ ਨੂੰ ਬੜੀ ਖੁਸ਼ੀ ਹੋਈ ਇਹ ਵੇਖ ਕੇ ਕਿ ਮਾਤਾ ਅਤੇ ਪਿਤਾ ਬਘਿਆੜ ਬੜੇ ਖਫਾ ਲਗ ਰਹੇ ਸੀ ॥

Now, Tabaqui knew as well as anyone else that there is nothing so unlucky as to compliment children to their faces. It pleased him to see Mother and Father Wolf look uncomfortable.

ਤਬਾੱਕੀ ਚੁਪ ਚਪੀਤੇ ਬੈਠਾ ਰਿਹਾ । ਅਪਨੀ ਸ਼ਰਾਰਤ'ਤੇ ਖੁਸ਼ ਹੁੰਦਾ ਹੋਇਆ । ਅਤੇ ਫੇਰ ਔਖੀ ਅਵਾਜ'ਚ ਬੋੱਲਿਆ :

Tabaqui sat still, rejoicing in the mischief that he had made, and then he said spitefully:

ਵੱਢੇ ਸ਼ੇਰ ਖਾਂ ਨੇ ਅਪਨੇ ਸ਼ਿਕਾਰ ਦੀ ਜਗ੍ਹਾ ਬਦਲ ਲਈ ਹੈ ॥ ਅਗਲਾ ਚੰਦ੍ਰਮਾ ਖਿੜਨ ਤਾਂਈਂ ਓਹ ਇਨ੍ਹਾਂ ਪਹਾੜੀਆਂ'ਚ ਸ਼ਿਕਾਰ ਕਰੇਗਾ । ਇਹ ਓਨ੍ਹੇ ਮੈਨੂੰ ਦੱਸਿਆ ਹੈ ॥

"Shere Khan, the Big One, has shifted his hunting grounds. He will hunt among these hills for the next moon, so he has told me."

ਸ਼ੇਰ ਖਾਂ ਓਹ ਚੀਤਾ ਸੀ ਜੋ ਵੇਨਗੰਗਾ ਦਰਿਆ ਨੇੜੇ ਵੀਹ ਮੀਲ ਦੂਰ ਰਹਿੰਦਾ ਸੀ ॥

Shere Khan was the tiger who lived near the Waingunga River, twenty miles away.

"ਉਸ ਨੂੰ ਕੋਈ ਹੱਕ ਨਹੀਂ ਹੈ" ਗੁੱਸੇ'ਚ ਪਿਤਾ ਬਘਿਆੜ ਸ਼ੁਰੂ ਹੋਇਆ - "ਜੰਗਲ ਦੇ ਕਨੂੰਨ ਮੁਤਾਬਿਕ ਉਸ ਨੂੰ ਕੋਈ ਹੱਕ ਨਹੀਂ ਹੈ ਕਿ ਓਹ ਅਪਨੀ ਰਿਹਾਇਸ਼ ਬਿਨਾ ਕਿਸੇ ਨੂੰ ਖਬਰਦਾਰ ਕੀਤੇ ਬਦਲ ਲਵੇ ॥ ਓਹ ਦਸ ਮੀਲ ਦੇ ਅੰਦਰ ਸਾਰੇ ਦਲਾਂ ਦੇ ਹਰ ਜਾਨਵਰ ਨੂੰ ਡਰਾ ਦੇਵੇਗਾ । ਅਤੇ ਮੈਨੂੰ - ਮੈਨੂੰ ਦੋ ਬੰਦਿਆਂ ਵਾਸ੍ਤੇ ਮਾਰਨਾ ਪੈਂਦਾ ਹੈ । ਅਜਕਲ ॥"

"He has no right!" Father Wolf began angrily—"By the Law of the Jungle he has no right to change his quarters without due warning. He will frighten every head of game within ten miles, and I—I have to kill for two, these days."

"ਓੁਧੀ ਮਾਂ ਐਵੇਂ ਹੀ ਨਹੀਂ ਉਸ ਨੂੰ ਲੰਗੜਾ ਆਖਦੀ ਸੀ" ਮਾਤਾ ਬਘਿਆੜ ਚੁਪਚਪੀਤੇ ਬੋੱਲੀ ॥ "ਓਹ ਜਨਮ ਤੋਂ ਹੀ ਇਕ ਪੈਰ'ਤੋਂ ਲੰਗੜਾ ਸੀ ॥ ਇਸ ਲਈ ਓਨ੍ਹੇ ਸਿਰਫ ਡੰਗਰ ਹੀ ਮਾਰੇ ਹਣ ॥ ਹੁਣ ਵੇਨਗੰਗਾ ਦੇ ਪਿੰਡਾਂ ਵਾਲੇ ਇਸ ਤੋਂ ਨਰਾਜ ਨੇ । ਅਤੇ ਇਹ ਇੱਥੇ ਆਇਆ ਹੈ ਸਾੱਢੇ ਪਿੰਡਾਂ ਵਾਲਿਆਂ ਨੂੰ ਨਰਾਜ ਕਰਨ ॥ ਓਹ ਜੰਗਲ ਛਾਨ ਮਾਰਨਗੇ ਇਸ ਨੂੰ ਲੱਭਨ ਵਾਸ੍ਤੇ । ਜਦੋਂ ਓਹ ਬਹੁਤ ਦੂਰ ਹੋਵੇਗਾ । ਸਾਨੂੰ ਅਤੇ ਸਾੱਢੇ ਬਚ੍ਚਿਆਂ ਨੂੰ ਭੱਜਨਾ ਪਵੇਗਾ ਜਦੋਂ ਘਾ ਨੂੰ ਅਗ ਲਗਾ ਦਿਤ੍ਤੀ ਜਾਵੇਗੀ ॥ ਬੇਸ਼ਕ ਅਸੀਂ ਸ਼ੇਰ ਖਾਂ ਦੇ ਬਹੁਤ ਸ਼ੁਕਰਗੁਜਾਰ ਹਾਂ !"

"His mother did not call him Lungri [the Lame One] for nothing," said Mother Wolf quietly. "He has been lame in one foot from his birth. That is why he has only killed cattle. Now the villagers of the Waingunga are angry with him, and he has come here to make our villagers angry. They will scour the jungle for him when he is far away, and we and our children must run when the grass is set alight. Indeed, we are very grateful to Shere Khan!"

"ਕਿ ਮੈਂ ਉਸ ਨੂੰ ਤੁਹਾਡੀ ਸ਼ੁਕਰਗੁਜਾਰੀ ਬਾਰੇ ਦਸ ਦਿਆਂ ?" ਤਬਾੱਕੀ ਬੋੱਲਿਆ॥

"Shall I tell him of your gratitude?" said Tabaqui.

"ਦਫਾ ਹੋ ਜਾ !" ਭੜਕ ਕੇ ਪਿਤਾ ਬਘਿਆੜ ਬੋੱਲਿਆ ॥ "ਦਫਾ ਹੋ ਤੇ ਅਪਨੇ ਮਾਲਿਕ ਨਾਲ ਮਿਲਕੇ ਸ਼ਿਕਾਰ ਕਰ । ਤੂੰ ਇਕ ਰਾਤ ਜੋਗ੍ਗਾ ਬਹੁਤ ਨੁਕਸਾਨ ਪਹੁੰਚਾ ਚੁੱਕਿਆਂ ਹੈਂ ॥"

"Out!" snapped Father Wolf. "Out and hunt with thy master. Thou hast done harm enough for one night."

"ਮੈਂ ਜਾਉਦਾਂ ਹਾਂ ।" ਤਬਾੱਕੀ ਹੋਲੇ ਜਿਹੇ ਬੋੱਲਿਆ ॥ "ਤੁਸੀਂ ਥੱਲੇ ਸੰਘਨੀ ਝਾੜੀਆਂ'ਚ ਸ਼ੇਰ ਖਾਂ ਨੂੰ ਸੁਣ ਹੀ ਸਕਦੇ ਹੋ ॥ ਮੈਂ ਸ਼ਾਇਦ ਸੁਨੇਹਾਂ ਸਾਂਭ ਲਿਆ ਹੋਵੇ ॥"

"I go," said Tabaqui quietly. "Ye can hear Shere Khan below in the thickets. I might have saved myself the message."

ਪਿਤਾ ਬਘਿਆੜ ਨੇ ਸੁਣਿਆ । ਅਤੇ ਥੱਲੇ ਘਾਟੀ'ਚ ਜੇੜ੍ਹੀ ਇਕ ਚੋਈ ਤਕ ਜਾਉਂਦੀ ਸੀ । ਓਨ੍ਹੇ ਸੁੱਕੀ ਗੁੱਸੇ ਭਰੀ ਚੀਤੇ ਦੀ ਦਹਾੜ ਸੁਣੀ ਜਿਸ ਨੂੰ ਕੋਈ ਸ਼ਿਕਾਰ ਨਹੀਂ ਲੱਭਿਆ ਸੀ ਅਤੇ ਉਸ ਨੂੰ ਕੋਈ ਪਰਵਾਹ ਨਹੀਂ ਸੀ ਕਿ ਇਸਦਾ ਭਾਵੇਂ ਪੂਰੇ ਜੰਗਲ ਨੂੰ ਪਤਾ ਲਗ੍ਗੇ ॥

Father Wolf listened, and below in the valley that ran down to a little river he heard the dry, angry, snarly, singsong whine of a tiger who has caught nothing and does not care if all the jungle knows it.

"ਬੇਵਕੂਫ !" ਪਿਤਾ ਬਘਿਆੜ ਨੇ ਕਿਹਾ ॥ ਅਪਨੇ ਕੱਮ ਦੀ ਸ਼ੁਰੁਆਤ ਇਨ੍ਹੀ ਖੱਪ ਪਾ ਕੇ ਕਰਨੀ ! ਓਹ ਕੀ ਸੋਚਦਾ ਹੈ ਕਿ ਸਾੱਢੇ ਹਿਰਣ ਵੇਨਗੰਗਾ ਦੇ ਸੰਢਿਆਂ ਵਰਗੇ ਮੋਟ੍ਹੇ ਡਾਢੇ ਨੇ ॥

"The fool!" said Father Wolf. "To begin a night's work with that noise! Does he think that our buck are like his fat Waingunga bullocks?"


ਹ ਸ਼ਸ਼ ॥ ਨਾਂ ਸੰਢੇ ਨਾਂ ਹੀ ਹਿਰਣ ਦਾ ਸ਼ਿਕਾਰ ਓਹ ਅਜ ਰਾਤ ਕਰ ਰਿਹਾ ਹੈ ।" ਮਾਤਾ ਬਘਿਆੜ ਬੋੱਲੀ॥ "ਓਹ ਆਦਮੀ ਦਾ ਸ਼ਿਕਾਰ ਕਰ ਰਿਹਾ ਹੈ ॥"

"H'sh. It is neither bullock nor buck he hunts to-night," said Mother Wolf. "It is Man."

ਸਹਕਨਾ ਹੁਣ ਗੁਨਗੁਨਾਉਣ'ਚ ਬਦਲ ਗਿਆ ਸੀ ਜਿੜ੍ਹਾ ਹਰ ਪਾਸਿਓਂ ਆਓਂਦਾ ਜਾਪਦਾ ਸੀ ॥ ਓਹ ਐਸੀ ਅਵਾਜ ਸੀ ਕਿ ਜਿੜ੍ਹੀ ਖੁੱਲੇ'ਚ ਸੁਤ੍ਤੇ ਹੋਏ ਲਕੱੜਹਾਰਿਆਂ ਅਤੇ ਖਾਨਾਬਦੋਸ਼ਾਂ ਨੂੰ ਕਦੇ ਕਦੇ ਸ਼ੇਰ ਦੇ ਮੂੰਹ ਵਿਚ ਜਾਣ ਵਾਸ੍ਤੇ ਗੁਮਰਾਹ ਕਰ ਦੇਂਦੀ ਸੀ ॥

The whine had changed to a sort of humming purr that seemed to come from every quarter of the compass. It was the noise that bewilders woodcutters and

gypsies sleeping in the open, and makes them run sometimes into the very mouth of the tiger.



"ਚੰਗੀ ਕਿਸਮਤ ਤੇਰੇ ਨਾਲ ਜਾਵੇ ਓ ਬਘਿਆੜਾਂ ਦੇ ਸਰਦਾਰ"
"Good luck go with you, O chief of the wolves' "

"ਆਦਮੀ" ਪਿਤਾ ਬਘਿਆੜ ਨੇ ਅਪਨੇ ਸਾਰੇ ਚਿਟ੍ਟੇ ਦੰਦ ਵਿਖਾਉਂਦੇ ਹੋਏ ਕਿਹਾ ॥ "ਆਹ ! ਕਿ ਛੱਪੜਾਂ'ਚ ਕੀੜੇਂ'ਤੇ ਡੱਡੂ ਕਾਫੀ ਨਹੀਂ ਹੈਗੇ ਜੇੜ੍ਹਾ ਇਨ੍ਹੇ ਆਦਮੀ ਨੂੰ ਹੀ ਖਾਣਾ ਹੈ ਓਹ ਭੀ ਸਾੱਢੇ ਇਲਾਕੇ'ਚ !"

"Man!" said Father Wolf, showing all his white teeth. "Faugh! Are there not enough beetles and frogs in the tanks that he must eat Man, and on our ground too!"

ਜੰਗਲ ਦਾ ਕਨੂੰਨ । ਜੇੜ੍ਹਾ ਕਦੇ ਭੀ ਕਿਸੇ ਵਜ੍ਹਾ ਬਿਨਾ ਕੋਈ ਹੁਕਮ ਨਹੀਂ ਕਰਦਾ । ਹਰ ਇਕ ਵ੍ਰਸ਼ੀ ਨੂੰ ਆਦਮੀ ਦੇ ਖਾਣ'ਤੇ ਰੋਕ ਲਗਾਉਂਦਾ ਹੈ ਬਸ਼ਰਤੇ ਕਿ ਓਹ ਅਪਨੇ ਬਚ੍ਚਿਆਂ ਨੂੰ ਸ਼ਿਕਾਰ ਕਿਵੇਂ ਕਰਨਾ ਹੈ ਸਿਖਾ ਰਿਹਾ ਹੋਵੇ ਅਤੇ ਉਸ ਨੂੰ ਸ਼ਿਕਾਰ ਅਪਨੇ ਦਲ ਜਾਂ ਕਬੀਲੇ ਦੇ ਇਲਾਕੇ ਤੋਂ ਬਾਹਰ ਕਰਨਾ ਹੁੰਦਾ ਹੈ॥ ਇਸਦੀ ਅਸਲੀ ਵਜ੍ਹਾ ਹੈ ਕਿ ਆਦਮੀ ਦੇ ਮਾਰਨ ਦਾ ਮਤਲਬ । ਅਜ ਨਹੀਂ ਤੇ ਕੱਲ । ਗੋਰੇ ਆਦਮੀਆਂ ਦਾ ਬੰਦੂਕਾਂ ਲੈਕੇ ਹਾਥੀ'ਤੇ ਸਵਾਰ ਹੋਕੇ ਅਤੇ ਕਈ ਸੌ ਦੇਸੀ ਆਦਮੀਆਂ ਦਾ ਘੈਂਟੇ । ਹਵਾਈਆਂ ਅਤੇ ਮਸ਼ਾਲਾਂ ਲੈਕੇ ਆਓਣਾ ॥ ਫਿਰ ਹਰ ਕੋਈ ਜੰਗਲ'ਚ ਦੁਖ ਭੋਗਦਾ ਹੈ ॥ ਵ੍ਰਸ਼ੀ ਆਪਸ'ਚ ਤਰਕ ਕਰਦੇ ਹਣ ਕਿ ਆਦਮੀ ਸਾਰੇ ਜੀਆਂ ਤੋਂ ਕਮਜੋਰ ਅਤੇ ਬੇਬਸ ਹੁੰਦਾ ਹੈ । ਅਤੇ ਉਸ ਨੂੰ ਹੱਥ ਪਾਉਣਾ ਜਾਨਵਰਾਂ ਨੂੰ ਸੋਭਾ ਨਹੀਂ ਦੇਂਦਾ ॥ ਓਹ ਕਹਿੰਦੇ ਨੇ ਅਤੇ ਇਹ ਸਚ੍ਚ ਭੀ ਹੈ ਕਿ ਆਦਮੀ ਨੂੰ ਖਾਣ ਵਾਲਿਆਂ ਨੂੰ ਖੁਰਕ ਪੈ ਜਾਉਂਦੀ ਹੈ । ਅਤੇ ਓਨ੍ਹਾਂ ਦੇ ਦੰਦ ਟੁਟ੍ਟ ਜਾਉਂਦੇ ਨੇ ॥

The Law of the Jungle, which never orders anything without a reason, forbids every beast to eat Man except when he is killing to show his children how to kill,

and then he must hunt outside the hunting grounds of his pack or tribe. The real reason for this is that man-killing means, sooner or later, the arrival of white men on elephants, with guns, and hundreds of brown men with gongs and rockets and torches. Then everybody in the jungle suffers. The reason the beasts give among themselves is that Man is the weakest and most defenseless of all living things, and it is unsportsmanlike to touch him. They say too—and it is true—that man-eaters become mangy, and lose their teeth.

ਮਮਿਓਨਾ ਹੌਲੀ ਹੌਲੀ ਤੇਜ ਹੁੰਦਾ ਗਿਆ ਅਤੇ ਇਕ ਚੜ੍ਹਾਈ ਕਰਦੇ ਹੋਏ ਚੀਤੇ ਦੀ ਦਹਾੜ'ਚ ਖਤਮ ਹੋਇਆ ॥

The purr grew louder, and ended in the full-throated "Aaarh!" of the tiger's charge.

ਫੇਰ ਭੌਂਕਦੀ ਹੋਈ ਇਕ ਬੇਚੀਤਈ ਦਹਾੜ ਸ਼ੇਰ ਖਾਂ ਤੋਂ ਆਈ ॥ "ਓਹ ਚੂਕ ਗਿਆ ।" ਮਾਤਾ ਬਘਿਆੜ ਨੇ ਕਿਹਾ ॥ "ਓਹ ਕੀ ਹੈ ?"

Then there was a howl—an untigerish howl—from Shere Khan. "He has missed," said Mother Wolf. "What is it?"

ਪਿਤਾ ਬਘਿਆੜ ਕੁਝ ਕਦਮ ਨ੍ਹੱਸਿਆ ਅਤੇ ਸੁਣਿਆ ਕਿ ਸ਼ੇਰ ਖਾਂ ਵ੍ਹੈਸ਼ਿਆਨਾ ਤਰੀਕੇ ਨਾਲ ਬੜਬੜਾਉਂਦੇ ਹੋਏ ਇਕ ਝਾੜੀ'ਚ ਢ੍ਹੈ ਪਿਆ ॥

Father Wolf ran out a few paces and heard Shere Khan muttering and mumbling savagely as he tumbled about in the scrub.

"ਮੂਰਖ ਨੂੰ ਕੋਈ ਹੋਸ਼ ਨਹੀਂ ਹੈ ਕਿਓਂਕਿ ਓਨ੍ਹੇ ਇਕ ਲਕੜਹਾਰੇ ਦੀ ਲਾਈ ਹੱਥ ਸੇਕਨ ਜੋਗੀ ਅਗ੍ਗ'ਚ ਅਪਨੇ ਪੈਰ ਸਾੜ ਲਏ ਹਨ ।" ਪਿਤਾ ਬਘਿਆੜ ਨੇ ਘੁਰ੍ਹਘੁਰ੍ਹ ਕਰਦੇ ਬੋੱਲਿਆ ॥ "ਤਬਾੱਕੀ ਉਧੇ ਨਾਲ ਹੈ ॥"

"The fool has had no more sense than to jump at a woodcutter's campfire, and has burned his feet," said Father Wolf with a grunt. "Tabaqui is with him."

"ਕੁਝ ਉਪੱਰ ਪਹਾੜੀ ਤੇ ਆ ਰਿਹਾ ਹੈ ।" ਮਾਤਾ ਬਘਿਆੜ ਨੇ ਇਕ ਕਨ੍ਹ ਫੜਕਾਉਂਦੇ ਹੋਏ ਕਿਹਾ ॥ "ਤਿਆਰ ਹੋ ਜਾਓ ॥"

"Something is coming uphill," said Mother Wolf, twitching one ear. "Get ready."

ਸੰਘਨੀ ਝਾੜੀਆਂ'ਚ ਥੋੜ੍ਹੀ ਜਿਹੀ ਸਰਸਰਾਹਟ ਹੋਈ ਅਤੇ ਪਿਤਾ ਬਘਿਆੜ ਪਿਛਵਾੜੇ ਦੇ ਭਾਰ ਢਹ ਪਿਆ ਅਤੇ ਛਲਾਂਗ ਮਾਰਨ ਵਾਸ੍ਤੇ ਤਿਆਰ ਹੋ ਗਿਆ ॥ ਫੇਰ ਜੇਕਰ ਤੁਸੀਂ ਵੇਖ ਰਹੇ ਸਿਗੇ ਤਾਂ ਤੁਸੀਂ ਵੇੱਖਿਆ ਹੋਵੇਗਾ ਇਸ ਸੰਸਾਰ ਦੀ ਸਭ ਤੋਂ ਵਧੀਆ ਚੀਜ । ਬਸੰਤ'ਚ ਬਘਿਆੜ ॥ ਓਹ ਬਿਨਾ ਵੇਖੇ ਹੀ ਛਾਲਾਂ ਮਾਰਨ ਲਗ ਪਿਆ । ਅਤੇ ਫੇਰ ਅਪਨੇ ਆਪ ਨੂੰ ਰੋਕਨ ਦੀ ਕੋਸ਼ਿਸ਼ ਕਰਨ ਲਗ੍ਗਾ ॥ ਇ੍ਧਾ ਇਹ ਨਤੀਜਾ ਹੋਇਆ ਕਿ ਓਹ ਹਵਾ'ਚ ਸਿੱਧਾ ਚਾਰ ਜਾਂ ਪੰਜ ਫੁਟ ਉੱਛਲ ਪਿਆ । ਓਹ ਓੱਥੇ ਹੀ ਆਨ ਡਿਗ੍ਗਾ

ਜਿੱਥੋਂ ਓਨ੍ਹੇ ਛਾਲ ਮਾਰੀ ਸੀ ॥

The bushes rustled a little in the thicket, and Father Wolf dropped with his haunches under him, ready for his leap. Then, if you had been watching, you would have seen the most wonderful thing in the world–the wolf checked in mid-spring. He made his bound before he saw what it was he was jumping at, and then he tried to stop himself. The result was that he shot up straight into the air for four or five feet, landing almost where he left ground.

"ਆਦਮੀ" ਓਹ ਫੁਟ੍ਟ ਪਿਆ ॥ "ਇਕ ਆਦਮੀ ਦਾ ਬਲ਼ੂੰਗੜਾ ॥ ਵੇੱਖੋ !"

"Man!" he snapped. "A man's cub. Look!"

ਓੁਧੇ ਇਕਦਮ ਸਾਹਮਨੇ । ਇਕ ਨੀਵੀਂ ਟ੍ਾਈ ਨੂੰ ਫੜੇ ਹੋਏ । ਇਕ ਦੇਸੀ ਬਚ੍ਚਾ ਖੜਾ ਸੀ ਜੋ ਕੁਝ ਇਸ ਤਰ੍ਹਾਂ ਟੁਰ ਸਕਦਾ ਸੀ ਜਿਵੇਂ ਕੂਲਾ ਅਤੇ ਸਲੋਨਾ ਛੋਟ੍ਟਾ ਜਿਹਾ ਜ਼ਰ੍ਰਾ ਕਦੀਂ ਇਕ ਬਘਿਆੜ ਦੀ ਗੁਫਾ'ਚ ਰਾਤ ਨੂੰ ਆਇਆ ਹੋਵੇ ॥ ਓਨ੍ਹੇ ਪਿਤਾ ਬਘਿਆੜ ਦੇ ਮੂੰਹ ਦੀ ਤਰਫ ਵੇੱਖਿਆ ਅਤੇ ਹੱਸ ਪਿਆ ॥

Directly in front of him, holding on by a low branch, stood a naked brown baby who could just walk–as soft and as dimpled a little atom as ever came to a wolf's cave at night. He looked up into Father Wolf's face, and laughed.

"ਕਿ ਇਹ ਆਦਮੀ ਦਾ ਬਲ਼ੂੰਗੜਾ ਹੈ ?" ਮਾਤਾ ਬਘਿਆੜ ਨੇ ਕਿਹਾ ॥ "ਮੈਂ ਕਦੇ ਭੀ ਇਕ ਨਹੀਂ ਵੇੱਖਿਆ ॥ ਇਸ ਨੂੰ ਇੱਥੇ ਲੈਕੇ ਆਓ ॥"

"Is that a man's cub?" said Mother Wolf. "I have never seen one. Bring it here."

ਇਕ ਬਘਿਆੜ ਅਪਨੇ ਬਲ਼ੂੰਗੜਿਆਂ ਨੂੰ ਇੱਧਰ ਉੱਧਰ ਲੈ ਕੇ ਜਾਣ'ਚ ਗਿੱਝਿਆ ਹੋਵੇ ਤਾਂ ਜਰੂਰਤ ਪੈਣ'ਤੇ ਇਕ ਆਂਡਾ ਬਿਨਾ ਤੋੜੇ ਅਪਨੇ ਮੂੰਹ'ਚ ਲਿਜਾ ਸਕਦਾ ਹੈ । ਅਤੇ ਬੇਸ਼ੱਕ ਪਿਤਾ ਬਘਿਆੜ ਨੇ ਬਚ੍ਚਾ ਅਪਨੇ ਜਬਾੜੇ'ਚ ਫੜ ਲਿਆ ਪਰ ਇਕ ਭੀ ਦੰਦ ਨੇ ਬਚ੍ਚੇ'ਤੇ ਝਰੀਟ ਨਹੀਂ ਪਾਈ ਜਦੋਂ ਓਨ੍ਹੇ ਆਦਮੀ ਦੇ ਬਚ੍ਚੇ ਨੂੰ ਅਪਨੇ ਬਲ਼ੂੰਗੜਿਆਂ ਦੇ ਨਾਲ ਹੇਠਾਂ ਲੰਮਾਂ ਪਾਇਆ ॥

A Wolf accustomed to moving his own cubs can, if necessary, mouth an egg without breaking it, and though Father Wolf's jaws closed right on the child's back not a tooth even scratched the skin as he laid it down among the cubs.

"ਕਿਨ੍ਹਾ ਛੋਟ੍ਟਾ ! ਕਿਵੇਂ ਨੰਗਾ । ਅਤੇ ਕਿਨ੍ਹਾ ਬਹਾਦਰ !" ਮਾਤਾ ਬਘਿਆੜ ਨੇ ਹੋਲੀ ਜਿਹੇ ਬੋੱਲਿਆ ॥ ਬਚ੍ਚਾ ਵਿਛੀ ਹੋਈ ਗਰਮ ਖੱਲ ਦੇ ਨੇੜੇ ਹੋਣ ਵਾਸ੍ਤੇ ਬਲ਼ੂੰਗੜਿਆਂ ਨੂੰ ਧੱਕ ਕੇ ਅਪਨਾ ਰਾਹ ਬਨਾਉਣ ਲਗ੍ਗਾ ॥ "ਆਹਾ ਇਹ ਅਪਨਾ ਭੋਜਨ ਬਾਕੀਆਂ ਦੇ ਨਾਲ ਮਿਲ ਕੇ ਕਰ ਰਿਹਾ ਹੈ ॥ ਅਤੇ ਫੇਰ ਇਹ ਆਦਮੀ ਦਾ ਬਲ਼ੂੰਗੜਾ ਹੈ ॥ ਹੁਣ ਦੱਸੋ ਕਦੇ ਕੋਈ ਬਘਿਆੜ ਸੀ ਜੋ ਕਹਿ ਸਕੇ ਕਿ

ਉਧੇ ਬਚ੍ਚਿਆਂ'ਚ ਇਕ ਆਦਮੀ ਦਾ ਬਲੂੰਗੜਾ ਭੀ ਹੈ ?"

"How little! How naked, and—how bold!" said Mother Wolf softly. The baby was pushing his way between the cubs to get close to the warm hide. "Ahai! He is taking his meal with the others. And so this is a man's cub. Now, was there ever a wolf that could boast of a man's cub among her children?"

"ਮੈਂ ਕਾਫ਼ੀ ਵਾਰ ਪਿਹਲਾਂ ਭੀ ਇਸ ਤਰ੍ਹਾਂ ਦੀ ਗੱਲ ਸੁਨੀ ਹੈ। ਪਰ ਅਪਨੇ ਦਲ ਜਾਂ ਅਪਨੇ ਵਕ੍ਤ'ਚ ਨਹੀਂ।" ਪਿਤਾ ਬਘਿਆੜ ਨੇ ਕਿਹਾ॥ "ਇਹ ਪੂਰਾ ਬਿਨਾ ਵਾਲਾਂ ਦੇ ਹੈ ਅਤੇ ਮੈਂ ਇਸ ਨੂੰ ਸਿਰਫ ਅਪਨੇ ਪੈਰ ਦੀ ਛੋਹ ਨਾਲ ਮਾਰ ਸਕਦਾਂ ਹਾਂ ॥ ਮਗਰ ਵੇੱਖੋ । ਓਹ ਉਪੱਰ ਵੇਖ ਰਿਹਾ ਹੈ ਅਤੇ ਉਸ ਨੂੰ ਡਰ ਭੀ ਨਹੀਂ ਲਗ ਰਿਹਾ ਹੈ ॥"

"I have heard now and again of such a thing, but never in our Pack or in my time," said Father Wolf. "He is altogether without hair, and I could kill him with a touch of my foot. But see, he looks up and is not afraid."

ਚੰਦ੍ਰਮਾਂ ਦੀ ਰੋਸ਼ਨੀ ਗੁਫਾ ਦੇ ਮੂੰਹ'ਚੋਂ ਆਓਣ ਤੋਂ ਰੁਕ ਗਈ ਸੀ ਕਿਓਂਕਿ ਸ਼ੇਰ ਖਾਂ ਨੇ ਅਪਨਾ ਚਕੋਰ ਸਿਰ ਅਤੇ ਮੋਢੇ ਦਰਵਾਜੇ'ਚ ਫਸਾ ਲਏ ਸੀ ॥ ਤਬਾਕੀ ਉਧੇ ਪਿੱਛੇ ਚੂੰ ਚੂੰ ਕਰਦਾ ਬੋੱਲਿਆ : "ਮੇਰੇ ਮਾਲਿਕ ਮੇਰੇ ਮਾਲਿਕ ਓਹ ਇੱਥੇ ਹੀ ਅੰਦਰ ਗਿਆ ਹੈ !"

The moonlight was blocked out of the mouth of the cave, for Shere Khan's great square head and shoulders were thrust into the entrance. Tabaqui, behind him, was squeaking: "My lord, my lord, it went in here!"

"ਸ਼ੇਰ ਖਾਂ ਨੇ ਸਾਨੂ ਬੜਾ ਮਾਨ ਬਕਸ਼ਿਆ ਹੈ ।" ਪਿਤਾ ਬਘਿਆੜ ਬੋੱਲਿਆ । ਪਰ ਉਧੀਆਂ ਅੱਖਾਂ ਗੁੱਸੇ ਨਾਲ ਭਰੀਆਂ ਹੋਈਆਂ ਸੀ ॥ "ਸ਼ੇਰ ਖਾਂ ਨੂੰ ਕਿ ਚਾਹਿਦਾ ਹੈ ?"

"Shere Khan does us great honor," said Father Wolf, but his eyes were very angry. "What does Shere Khan need?"

"ਮੇਰਾ ਸ਼ਿਕਾਰ ॥ ਇਕ ਆਦਮੀ ਦਾ ਬਲੂੰਗੜਾ ਇਸ ਰਸ੍ਤੇ ਗਿਆ ਹੈ ।" ਸ਼ੇਰ ਖਾਂ ਨੇ ਕਿਹਾ ॥ "ਉਧੇ ਮਾਂ ਬਾਪ ਨ੍ਹੱਸ ਗਏ ਨੇ ॥ ਓਨੂ ਮੈਨੂੰ ਦੇਦੇ ॥"

"My quarry. A man's cub went this way," said Shere Khan. "Its parents have run off. Give it to me."

ਸ਼ੇਰ ਖਾਂ ਨੇ ਇਕ ਲੱਕੜਹਾਰੇ ਦੀ ਬਾਲ੍ਹੀ ਧੂਣੀ'ਚ ਛਾਲ ਮਾਰੀ ਸੀ । ਜਿਵੇਂ ਪਿਤਾ ਬਘਿਆੜ ਨੇ ਦੱਸਿਆ ਸੀ । ਅਤੇ ਅਪਨੇ ਪੈਰ ਬਲਣ ਦੀ ਦਰ੍ਦ ਕਰਕੇ ਬੜਾ ਗੁੱਸਾਇਆ ਹੋਇਆ ਸੀ ॥ ਪਰ ਪਿਤਾ ਬਘਿਆੜ ਜਾਣਦਾ ਸੀ ਕਿ ਗੁਫਾ ਦਾ ਮੂੰਹ ਇਕ ਚੀਤੇ ਦੇ ਅੰਦਰ ਆਓਣ ਵਾਸ੍ਤੇ ਕਾਫੀ ਛੋਟ੍ਹਾ ਸੀ ॥ ਜਿੱਥੇ ਸ਼ੇਰ ਖਾਂ ਸੀ । ਉਧੇ ਮੋੱਢੇ ਅਤੇ ਅਗਲੇ ਪੰਜੇ ਘਟ੍ਹ ਜਗ੍ਹਾ ਹੋਣ ਕਰਕੇ ਕੜਵੱਲੇ ਹੋਏ

ਸੀ ।ਜਿਵੇਂ ਇਕ ਆਦਮੀ ਦੇ ਹੋਣਗੇ ਜੇ ਓਹ ਇਕ ਪੀਪੇ'ਚ ਪਿਆ ਲੜਨ ਦੀ ਕੋਸ਼ਿਸ਼ ਕਰੇ ॥

Shere Khan had jumped at a woodcutter's campfire, as Father Wolf had said, and was furious from the pain of his burned feet. But Father Wolf knew that the mouth of the cave was too narrow for a tiger to come in by. Even where he was, Shere Khan's shoulders and forepaws were cramped for want of room, as a man's would be if he tried to fight in a barrel.

"ਬਘਿਆੜ ਇਕ ਅਜਾਦ ਕੌਮ ਹਣ ॥" ਪਿਤਾ ਬਘਿਆੜ ਬੋੱਲਿਆ ॥ "ਓਹ ਅਪਨੇ ਸਰਦਾਰ ਦਾ ਹੁਕਮ ਮਨ੍ਹਦੇ ਨੇਂ ।ਨਾਂ ਕਿ ਕਿਸੇ ਧਾਰੀਦਾਰ ਡੰਗਰ ਮਾਰਨ ਵਾਲੇ ਦਾ ॥ ਆਦਮੀ ਦਾ ਬਲੂੰਗੜਾ ਸਾੱਢਾ ਹੈ ਮਾਰੀਏ ਜਾਂ ਰਖੀਏ ।ਇਹ ਸਾੱਢੇ ਉਤ੍ਤੇ ਹੈ ॥"

"The Wolves are a free people," said Father Wolf. "They take orders from the Head of the Pack, and not from any striped cattle-killer. The man's cub is ours—to kill if we choose."

"ਅਪਨੀ ਮਰਜੀ ਕਰੋ ਜਾਂ ਨਾਂ ਕਰੋ ! ਇਹ ਅਪਨੀ ਮਰਜੀ ਕਰਨ ਦੀ ਕੀ ਗੱਲ ਹੋਈ ? ਜੇੜ੍ਹਾ ਮੈਂ ਸੰਢਾ ਮਾਰਿਆ ਹੈ ਉਸਦੀ ਕਸਮ ।ਮੈ ਕੀ ਤੇਰੀ ਕੁਤ੍ਤੀ ਗੁਫਾ'ਚ ਅਪਨਾ ਜਾਇਜ਼ ਬਕਾਇਆ ਵਸੂਲਣ ਵਾਸ੍ਤੇ ਨੱਕ ਪਾਈ ਖੜਾਂ ਰਹ੍ਹਾਂ ? ਇਹ ਮੈਂ ਹਾਂ ਸ਼ੇਰ ਖਾਂ ।ਜੋ ਇਹ ਬੋਲ ਰਿਹਾ ਹੈ !"

"Ye choose and ye do not choose! What talk is this of choosing? By the bull that I killed, am I to stand nosing into your dog's den for my fair dues? It is I, Shere Khan, who speak!"

ਚੀਤੇ ਦੀ ਦਹਾੜ ਨੇ ਗੁਫਾ'ਚ ਗੜਹੜਾਹ੍ਹ ਪੈਦਾ ਕਰ ਦਿਤ੍ਤੀ ॥ ਮਾਤਾ ਬਘਿਆੜ ਨੇ ਝਟਕ ਕੇ ਬੱਲੂੰਗੜੇ ਪਾਸੇ ਕੀਤੇ ਅਤੇ ਅਗ੍ਹੇ ਟਪੂਸੀ ਮਾਰੀ ।ਓੁਧੀਆਂ ਅੱਖਾਂ ।ਜਿਵੇਂ ਹਨੇਰੇ'ਚ ਦੋ ਹਰੇ ਚੰਦ੍ਰਮਾਂ ਸ਼ੇਰ ਖਾਂ ਦੀਆਂ ਘੂਰਦੀਆਂ ਹੋਈਆਂ ਅੱਖਾਂ ਦਾ ਟਾਕਰਾ ਕਰ ਰਹੇ ਹੋਣ॥

The tiger's roar filled the cave with thunder. Mother Wolf shook herself clear of the cubs and sprang forward, her eyes, like two green moons in the darkness, facing the blazing eyes of Shere Khan.

"ਅਤੇ ਇਹ ਮੈਂ ਹਾਂ ।ਰਾਕਸ਼ਸ ।ਜੋ ਜਵਾਬ ਦੇ ਰਿਹਾ ਹੈ ॥ ਆਦਮੀ ਦਾ ਬਲੂੰਗੜਾ ਮੇਰਾ ਹੈ ਲੰਗੜਿਆ ।ਮੇਰਾ ਅਤੇ ਸਿਰਫ ਮੇਰਾ ! ਇਸ ਨੂੰ ਮਾਰਿਆ ਨਹੀਂ ਜਾਵੇਗਾ ॥ ਇਹ ਜੀਉਂਦਾ ਰਹੇਗਾ ਦਲ ਨਾਲ ਦੌੜਨ ਲਈ ਅਤੇ ਦਲ ਨਾਲ ਸ਼ਿਕਾਰ ਖੇੱਡਨ ਲਈ ॥ ਅਤੇ ਅਖੀਰ'ਚ। ਇੱਧਰ ਵੇਖ। ਛੋਟ੍ਹੇ ਨੰਗੇ ਬਲੂੰਗੜਿਆਂ ਦਾ ਸ਼ਿਕਾਰ ਕਰਨਾ'ਤੇ ਡੱਡੂ ਖਾਣ'ਤੇ ਮੱਛੀ ਮਾਰਣ ਵਾਲਿਆ ।ਇਹ ਤੇਰਾ ਸ਼ਿਕਾਰ ਕਰੇਗਾ ! ਹੁਣ ਇਹ ਸਮੱਝ ਲੈਹ ਜੇੜ੍ਹਾ ਮੈਂ ਸਾਂਭਰ ਮਾਰਿਆ ਹੈ (ਮੈਂ ਭੁਖਮਰੀ ਦਾ ਸ਼ਿਕਾਰ ਹੋਇਆ ਡੰਗਰ ਨਹੀਂ ਖਾਓਂਦਾ) ਉਸਦੀ ਕਸਮ ।ਹੁਣ ਚਲਾ ਜਾ ਵਾਪਿਸ ਅਪਨੀ ਮਾਂ ਦੇ ਕੋਲ ।ਜਲੇ ਹੋਏ ਜੰਗਲੀ ਜਾਨਵਰ ।ਲੰਗ ਮਾਰਦਾ ਹੋਇਆ ਹੀ ਤੂੰ ਇਸ ਸੰਸਾਰ'ਚ ਆਈਆਂ ਸੀ ! ਦਫਾ ਹੋ ਜਾ !"



“ਚੀਤੇ ਦੀ ਦ੍ਹਾੜ ਨੇ ਗੁਫਾ ਨੂੰ ਗੜਗੜਾਹ੍ਟ ਨਾਲ ਭਰ ਦਿਤ੍ਤਾ”
"The tiger's roar filled the cave with thunder"

"And it is I, Raksha [The Demon], who answers. The man's cub is mine, Lungri—mine to me! He shall not be killed. He shall live to run with the Pack and to hunt with the Pack; and in the end, look you, hunter of little naked cubs—frog-eater—fish-killer—he shall hunt thee! Now get hence, or by the Sambhur that I killed (I eat no starved cattle), back thou goest to thy mother, burned beast of the jungle, lamer than ever thou camest into the world! Go!"

ਪਿਤਾ ਬਘਿਆੜ ਹੈਰਾਨ ਹੋਕੇ ਵੇਖ ਰਿਹਾ ਸੀ ॥ ਓਹ ਬਿਲਕੁਲ ਭੁੱਲ ਗਿਆ ਸੀ ਓਹ ਦਿਨ ਜਦੋਂ ਓਨ੍ਹੇ ਮਾਤਾ ਬਘਿਆੜ ਨੂੰ ਪੰਜ ਬਘਿਆੜਾਂ ਨਾਲ ਇਕ ਮੁਨਾਸਬ ਲੜਾਈ'ਚ ਜਿਤ੍ਤੁ ਲਿਆ ਸੀ । ਜਦੋਂ ਓਹ ਦਲ ਨਾਲ ਰਹਿੰਦੀ ਸੀ ਅਤੇ ਉਸ ਨੂੰ ਤਰੀਫ ਵੱਜੋਂ ਰਾਕਸ਼ਸ ਨਹੀਂ ਕਹਿੰਦੇ ਸੀ ॥ ਬੇਸ਼ਕ ਸ਼ੇਰ ਖਾਂ ਨੇ ਪਿਤਾ ਬਘਿਆੜ ਦਾ ਟਾਕ੍ਰਾ ਕਰ ਲਿਆ ਹੋਵੇ । ਪਰ ਓਹ ਮਾਤਾ ਬਘਿਆੜ ਦਾ ਸਾਹਮਨਾ ਨਹੀਂ ਕਰ ਸਕਿਆ । ਕਿਓਂਕਿ ਓਨ੍ਹੂ ਪਤਾ ਸੀ ਕਿ ਜਿਸ ਜਗ੍ਹਾ ਓਹ ਸੀ ਮਾਤਾ ਬਘਿਆੜ ਨੂੰ ਓਹ ਜਗ੍ਹਾ ਪੂਰੀ ਤਰ੍ਹਾਂ ਲਾਭਵੰਤ ਸੀ । ਅਤੇ ਓਹ ਮਰਣ ਤਕ ਮੁਕਾਬਲਾ ਕਰੂਗੀ ॥ ਇਸ ਲਈ ਓਹ ਘੁਰ੍ਰ ਘੁਰ੍ਰ ਕਰਦਾ ਹੋਇਆ ਗੁਫਾ ਦੇ ਮੂੰਹ'ਚੋਂ ਬਾਹਰ ਨਿੱਕਲ ਆਇਆ । ਅਤੇ ਜਦੋਂ ਓਹ ਮਹਫੂਜ਼ ਸੀ ਓਹ ਚੀਕਿਆ :

Father Wolf looked on amazed. He had almost forgotten the days when he won Mother Wolf in fair fight from five other wolves, when she ran in the Pack and was not called The Demon for compliment's sake. Shere Khan might have faced Father Wolf, but he could not stand up against Mother Wolf, for he knew that where he was she had all the advantage of the ground, and would fight to the death. So he backed out of the cave mouth growling, and when he was clear he shouted:

"ਹਰ ਕੁਤ੍ਤਾ ਅਪਨੀ ਗਲੀ'ਚ ਭੌਂਕ ਲੈਂਦਾ ਹੈ ! ਅਸੀਂ ਵੇਖਾਂਗੇ ਕਿ ਦਲ ਨੂੰ ਆਦਮੀ ਦਾ ਬਲੂੰਗੜਾ ਪਾਲਨ ਬਾਰੇ ਕੀ ਕਹਿਣਾ ਹੈ ॥ ਆਦਮੀ ਦਾ ਬਲੂੰਗੜਾ ਮੇਰਾ ਹੈ । ਆਖਿਰਕਾਰ ਇਨ੍ਹੇ ਮੇਰੇ ਦੰਦਾ ਹੇਠ ਹੀ ਆਓਣਾ ਹੈ । ਓਹ ਝਾਟ੍ਹੇ ਵਾਲੇ ਪੂੱਛੜ ਚੋਰੋਂ !"

"Each dog barks in his own yard! We will see what the Pack will say to this fostering of man-cubs. The cub is mine, and to my teeth he will come in the end, O bush-tailed thieves!"

ਮਾਤਾ ਬਘਿਆੜ ਜੋਰ ਜੋਰ ਦੀ ਸਾਹ ਭਰਦੇ ਹੋਏ ਬਲੂੰਗੜਿਆਂ'ਚ ਆਕੇ ਢਹਿ ਪਈ । ਅਤੇ ਪਿਤਾ ਬਘਿਆੜ ਨੇ ਉਸ ਨੂੰ ਬੜਾ ਸੰਜੀਦਾ ਹੋ ਕੇ ਕਿਹਾ :

Mother Wolf threw herself down panting among the cubs, and Father Wolf said to her gravely:

"ਸ਼ੇਰ ਖਾਂ ਨੇ ਇਹ ਸਚ੍ਚ ਕਿਹਾ ਹੈ ॥ ਆਦਮੀ ਦਾ ਬਲੂੰਗੜਾ ਦਲ ਨੂੰ ਜਰੂਰ ਵਿਖਾਉਣਾ ਪਵੇਗਾ ॥ ਕਿ ਮਾਤਾ ਤੂੰ ਫੇਰ ਭੀ ਇਸ ਨੂੰ ਰਖਨਾ ਚਾਹ੍ਵੇਂਗੀ ?"

"Shere Khan speaks this much truth. The cub must be shown to the Pack. Wilt thou still keep him, Mother?"

"ਰਖਨਾ ਚਾਹ੍ਵਾਂਗੀ!" ਇਕ ਆਹ ਲੈਕੇ ਬੋੱਲੀ ॥ "ਇਹ ਇਕ ਰਾਤ ਨੰਗਾ ਆਇਆ ਸੀ । ਕਲ੍ਹਾ ਅਤੇ ਬਹੁਤ ਭੁੱਖਾ ॥ ਫੇਰ ਭੀ ਇਹ ਬਿਲਕੁਲ ਡਰਿਆ ਹੋਇਆ ਨਹੀਂ ਸੀ ! ਵੇੱਖੋ ਇਨ੍ਹੇ ਹੁਣੇ ਹੀ ਮੇਰੇ ਇਕ ਬਚ੍ਚੇ ਨੂੰ ਧੱਕ ਕੇ ਪਾਸੇ ਕਰ ਦਿਤ੍ਤਾ ਹੈ ॥ ਅਤੇ ਉਸ ਲੰਗੜੇ ਜੱਲਾਦ ਨੇ ਇਸ ਨੂੰ ਮਾਰ ਦੇਨਾ ਸੀ ਅਤੇ ਆਪ ਵੇਨਗੰਗਾ ਨੂੰ ਨੱਸ ਜਾਣਾ ਸੀ ਅਤੇ ਪਿੰਡ ਵਾਲਿਆਂ ਨੇ ਇੱਥੇ ਸਾਡੀਆਂ ਗੁਫਾਵਾਂ'ਚ ਸ਼ਿਕਾਰ ਕਰਕੇ ਅਪਨਾ ਬਦਲਾ ਲੈਣਾ ਸੀ ! ਰਖਨਾ ਚਾਹ੍ਵਾਂਗੀ ? ਬੇਸ਼ਕ ਮੈਂ ਇਸ ਨੂੰ ਰਖਾਂਗੀ ॥ ਹਿੱਲ ਡੁੱਲ ਨਾਂ । ਛੋਟ੍ਹੇ ਡੱਡੂ ॥ ਓਹ ਤੂੰ ਮੁਗਲੀ - ਕਿਓਂਕਿ ਮੈਂ ਤੈਨੂੰ ਮੁਗਲੀ ਡੱਡੂ ਕਹਿ ਕੇ ਬੁਲਾਵਾਂਗੀ - ਇਕ ਸਮਾਂ ਆਵੇਗਾ ਜਦੋਂ ਤੂੰ ਸ਼ੇਰ ਖਾਂ ਦਾ ਸ਼ਿਕਾਰ ਕਰੇਂਗਾ ਜਿਸ ਤਰ੍ਹਾਂ ਓਨ੍ਹੇ ਤੇਰਾ ਕੀਤ੍ਤਾ ਹੈ ॥"

"Keep him!" she gasped. "He came naked, by night, alone and very hungry; yet he was not afraid! Look, he has pushed one of my babes to one side already. And that lame butcher would have killed him and would have run off to the Waingunga while the villagers here hunted through all our lairs in revenge! Keep him? Assuredly I will keep him. Lie still, little frog. O thou Mowgli—for Mowgli the Frog I will call thee—the time will come when thou wilt hunt Shere Khan as he has hunted thee."

"ਪਰ ਅਪਨਾ ਦਲ ਇਸ ਬਾਰੇ'ਚ ਕੀ ਕਹਿਗਾ ?" ਪਿਤਾ ਬਘਿਆੜ ਬੋੱਲਿਆ ॥

"But what will our Pack say?" said Father Wolf.

ਜੰਗਲ ਦਾ ਕਨੂੰਨ ਬੜਾ ਸਾਫ ਕਹਿੰਦਾ ਹੈ ਕਿ ਜਦ ਇਕ ਬਘਿਆੜ ਵਿਆਹਾ ਜਾਵੇ ਤੇ ਓਹ ਦਲ ਤੋਂ ਅੱਡ ਹੋ ਸਕਦਾ ਹੈ ॥ ਪਰ ਜਦੋਂ ਉਧੇ ਬਲੂੰਗੜੇ ਇਨ੍ਹੇ ਵੱਢੇ ਹੋ ਜਾਣ ਕਿ ਅਪਨੇ ਪੈਰੀ ਆਪ ਖਲ੍ਹੋ ਸਕਣ ਉਸ ਨੂੰ ਓਨ੍ਹਾਂ ਨੂੰ ਦਲ ਦੀ ਪੰਚਾਇਤ ਅਗ੍ਹੇ ਪੇਸ਼ ਕਰਨਾ ਪੈਂਦਾ ਹੈ । ਜੋ ਕਿ ਹਰ ਮਹੀਨੇ ਪੂਰਨਮਾਸੀ ਨੂੰ ਬੈਠਕ ਲਾਉਂਦੀ ਹੈ । ਤਾਕਿ ਦੂਜੇ ਬਘਿਆੜ ਓਨ੍ਹਾ ਦੀ ਪਛਾਨ ਕਰ ਸਕਨ ॥ ਮੁਆਇਣਾ ਹੋਣ ਤੋਂ ਬਾਅਦ ਓਹ ਕਿਧਰੇ ਭੀ ਜਾਣ ਵਾਸ੍ਤੇ ਅਜਾਦ ਹੁੰਦੇ ਨੇ । ਅਤੇ ਜਦੋਂ ਤਕ ਓਹ ਅਪਨਾ ਪਹਿਲਾ ਸ਼ਿਕਾਰ ਨਾਂ ਕਰ ਲੈਣ ਕੋਈ ਭੀ ਬਹਾਨਾ ਮਨ੍ਹਿਆ ਨਹੀਂ ਜਾਓਂਦਾ ਜੇਕਰ ਇਕ ਦਲ ਦਾ ਜਵਾਨ ਬਘਿਆੜ ਇਨ੍ਹਾ'ਚ ਇਕ ਨੂੰ ਮਾਰ ਸਿਟ੍ਹੇ ॥ ਇਸ ਦੀ ਸਜ਼ਾ ਮੌਤ ਹੁੰਦੀ ਹੈ ਜੇਕਰ ਕਾਤਿਲ ਲਭ ਲਿਆ ਜਾਵੇ ॥ ਜੇਕਰ ਤੈਨੂੰ ਇਕ ਪਲ ਵਾਸ੍ਤੇ ਭੀ ਲਗਦਾ ਹੈ ਕਿ ਤੂੰ ਇਹ ਵੇਖ ਸਕਦੀ ਹੈਂ ਤਾਂ ਫੇਰ ਇਹ ਹੀ ਸਹੀ ॥

The Law of the Jungle lays down very clearly that any wolf may, when he marries, withdraw from the Pack he belongs to. But as soon as his cubs are old enough to stand on their feet he must bring them to the Pack Council, which is generally held once a month at full moon, in order that the other wolves may identify them. After that inspection the cubs are free to run where they please, and until they have killed their first buck no excuse is accepted if a grown wolf of the Pack kills one of them. The punishment is death where the murderer can be found; and if you think for a minute you will see that this must be so.

ਪਿਤਾ ਬਘਿਆੜ ਨੇ ਉਸ ਵਕ੍ਤ ਦਾ ਇੰਤਜ਼ਾਰ ਕੀਤ੍ਹਾ ਜਦੋਂ ਉਧੇ ਬਲੂੰਗੜੇ ਥੋੜਾ'ਕ ਨ੍ਹੱਸਣ ਜੋਗੇ ਹੋ ਗਏ ॥ ਅਤੇ ਫੇਰ ਜਿਸ ਰਾਤ ਪੰਚਾਇਤ ਦੀ ਬੈਠਕ ਹੋਣੀ ਸੀ ਓਨ੍ਹਾ ਨੂੰ'ਤੇ ਮੁਗਲੀ ਨੂੰ ਅਤੇ ਮਾਤਾ ਬਘਿਆੜ ਨੂੰ ਲੈਕੇ ਉਸ ਥੜ੍ਹੇ'ਤੇ ਗਿਆ ਜਿੱਥੇ ਪੰਚਾਇਤ ਬੈ੍ਹਦੀ ਸੀ ਜੋ ਕਿ ਇਕ ਪ੍ਹਾੜੀ ਦੇ ਉੱਪਰ ਸੀ ਜੋ ਕਈ ਛੋਟ੍ਹੇ ਵੱਢੇ ਪੱਥਰਾਂ ਨਾਲ ਢਕੀ ਹੋਈ ਸੀ ਜਿੱਥੇ ਕਈ ਸੌ ਬਘਿਆੜ ਲੁੱਕ ਸਕਦੇ ਸੀ ॥ ਕਲ੍ਹਾ । ਮਹਾਨ ਸਲੇਟੀ ਛੜਾ ਬਘਿਆੜ । ਜੋ ਕਿ ਪੂਰੇ ਦਲ ਦੀ ਸਰਦਾਰੀ ਬੜੀ ਤਾਕਤ ਅਤੇ ਮੱਕਾਰੀ ਨਾਲ ਕਰਦਾ ਸੀ । ਲੰਮਾਂ ਹੋ ਕੇ ਅਪਨੇ ਥੜ੍ਹੇ ਉਤ੍ਹੇ ਪਿਆ ਸੀ । ਅਤੇ ਭੁੰਜੇ ਹਰ ਰੰਗ ਅਤੇ ਹਰ ਅਕਾਰ ਦੇ ਕੋਈ ਚਾਲੀ'ਕ ਬਘਿਆੜ ਬੈਠੇ ਹੋਏ ਸੀ । ਜੋ ਕਿ ਬਿੱਜੂ ਦੇ ਰੰਗ ਦੇ ਬਜੁਰ੍ਗ ਜੋ ਕਲ੍ਹੇ ਹੀ ਇਕ ਹਿਰਣ ਦਾ ਸ਼ਿਕਾਰ ਕਰ ਸਕਦੇ ਸੀ ਤੋਂ ਲੈਕੇ ਕਾਲੇ ਜਵਾਨ ਤਿਨ ਸਾਲਾ ਜਿਨ੍ਹਾ ਦਾ ਖਿਆਲ ਸੀ ਕਿ ਓਹ ਭੀ ਕਲ੍ਹੇ ਹੀ ਇਕ ਹਿਰਣ ਦਾ ਸ਼ਿਕਾਰ ਕਰ ਸਕਦੇ ਨੇ ॥ ਪਿਛਲੇ ਇਕ ਸਾਲ'ਤੋਂ ਕਲ੍ਹਾ ਛੜਾ ਬਘਿਆੜ ਇਨ੍ਹਾ ਦਾ ਸਰਦਾਰ ਸੀ ॥ ਓਹ ਅਪਨੀ ਜਵਾਨੀ'ਚ ਦੋ ਵਾਰੀ ਬਘਿਆੜ ਕੁੜਿੱਕੀ'ਚ ਫਸ ਚੁੱਕਾ ਹੈ । ਅਤੇ ਇਕ ਵਾਰ ਇਸ ਨੂੰ ਕੁਟ੍ਹ ਕੇ ਮਰਿਆ ਹੋਇਆ ਸਮਝ ਕੇ ਛੱਡ ਗਏ ਸੀ । ਇਸ ਲਈ ਓਹ ਆਦਮੀ ਦੇ ਰਸਮੋ ਰਿਵਾਜਾਂ ਨਾਲ ਅੱਛੀ ਤਰ੍ਹਾਂ ਵਾਕਿਫ ਸੀ ॥ ਥੜ੍ਹੇ ਉਤ੍ਹੇ ਬੜੀ ਘਟ੍ਹ ਗੱਲ ਹੋਈ ॥ ਬਲੂੰਗੜੇ ਇਕ ਦੂਸਰੇ ਦੇ ਉੱਪਰ ਇਕ ਘੇਰੇ ਦੇ ਵਿਚਕਾਰ ਡਿਗਦੇ ਰਹੇ ਜਿੱਥੇ ਓਨ੍ਹਾ ਦੇ ਮਾਂ ਪਿਉ ਬੈਠੇ ਸੀ । ਕਦੀ'ਕ'ਤਾਂਈ ਇਕ ਵੱਢਾ ਬਘਿਆੜ ਉੱਠ ਕੇ ਚੁਪਚਾਪ ਜਾਉਂਦਾ ਸੀ ਇਕ ਬਲੂੰਗੜੇ ਦੇ ਕੋਲ ਅਤੇ ਉਸ ਨੂੰ ਚੰਗੀ ਤਰ੍ਹਾਂ ਵੇਖ ਕੇ ਅਪਨੇ ਪੈਰਾਂ ਨਾਲ ਬਿਨਾ ਕੋਈ ਅਵਾਜ ਕੀਤੇ ਆ ਕੇ ਅਪਨੀ ਜਗ੍ਹਾ ਤੇ ਬੈਠ ਜਾਉਂਦਾ ਸੀ ॥ ਕਦੇ ਕਦੇ ਇਕ ਮਾਂ ਅਪਨੇ ਬੱਲੂੰਗੜੇ ਨੂੰ ਦੂਰ ਚੰਦ੍ਰਮਾਂ ਦੀ ਰੋਸ਼ਨੀ'ਚ ਧਕ ਦੇਂਦੀ ਸੀ ਇਹ ਤਸੱਲੀ ਕਰਨ ਵਾਸ੍ਤੇ ਕਿ ਕਿਧਰੇ ਉਧਾ ਬਲੂੰਗੜਾ ਵਿਖਾਉਣਾ ਰਿਹ ਨਾਂ ਜਾਵੇ ॥ ਕਲ੍ਹਾ ਅਪਨੇ ਥੜ੍ਹੇ'ਤੋਂ ਬੋਲਦਾ: "ਤੁਹਾਨੂੰ ਕਨੂੰਨ ਪਤਾ ਹੈ - ਤੁਹਾਨੂੰ ਕਨੂੰਨ ਪਤਾ ਹੈ ॥ ਚੰਗੀ ਤਰ੍ਹਾਂ ਵੇੱਖੋ । ਓਹ ਬਘਿਆੜੋ !" ਅਤੇ ਬੇਚੈਨ ਮਾਤਾਂਵਾਂ ਅਗ੍ਹੇ ਬੋਲਣ ਲਗ ਪੈਂਦਿਆਂ :"ਵੇੱਖੋ - ਚੰਗੀ ਤਰ੍ਹਾਂ ਵੇੱਖੋ । ਓਹ ਬਘਿਆੜੋ !"

Father Wolf waited till his cubs could run a little, and then on the night of the Pack

Meeting took them and Mowgli and Mother Wolf to the Council Rock—a hilltop covered with stones and boulders where a hundred wolves could hide. Akela, the great gray Lone Wolf, who led all the Pack by strength and cunning, lay out at full length on his rock, and below him sat forty or more wolves of every size and color, from badger-colored veterans who could handle a buck alone to young black three-year-olds who thought they could. The Lone Wolf had led them for a year now. He had fallen twice into a wolf trap in his youth, and once he had been beaten and left for dead; so he knew the manners and customs of men. There was very little talking at the Rock. The cubs tumbled over each other in the center of the circle where their mothers and fathers sat, and now and again a senior wolf would go quietly up to a cub, look at him carefully, and return to his place on noiseless feet. Sometimes a mother would push her cub far out into the moonlight to be sure that he had not been overlooked. Akela from his rock would cry: "Ye know the Law—ye know the Law. Look well, O Wolves!" And the anxious mothers would take up the call: "Look—look well, O Wolves!"

ਆਖਿਰਕਾਰ - ਜਦੋਂ ਸਮਾਂ ਆਇਆ ਮਾਤਾ ਬਘਿਆੜ ਦੀ ਗਰਦਨ ਦੇ ਰੋਂਗਟੇ ਖੜੇ ਹੋ ਗਏ - ਪਿਤਾ ਬਘਿਆੜ ਨੇ "ਮੁਗਲੀ ਡੱਡੂ" ਨੂੰ ਵਿਚਕਾਰ ਧੱਕਿਆ । ਜਦੋਂ ਉਸ ਨੂੰ ਅਵਾਜ ਪਈ । ਓਹ ਓੱਥੇ ਬੈਠਾ ਹੱਸਦਾ ਅਤੇ ਵਟ੍ਟਿਆਂ ਨਾਲ ਖੇਡਦਾ ਪਿਆ ਸੀ ਜੇੜ੍ਹੇ ਚੰਦ੍ਰਮਾਂ ਦੀ ਰੋਸ਼ਨੀ'ਚ ਚਮਕਦੇ ਪਏ ਸੀ ॥

At last—and Mother Wolf's neck bristles lifted as the time came—Father Wolf pushed "Mowgli the Frog," as they called him, into the center, where he sat laughing and playing with some pebbles that glistened in the moonlight.

ਕਲ੍ਹੇ ਨੇ ਅਪਨਾ ਸਿਰ ਪੰਜਿਆਂ'ਤੋਂ ਉਚ੍ਚਾ ਨਹੀਂ ਚੁੱਕਿਆ । ਪਰ ਇਹ ਹੀ ਕਹਿੰਦਾ ਰਿਹਾ :"ਚੰਗੀ ਤਰ੍ਹਾਂ ਵੇੱਖੋ !" ਇਕ ਦਬੀ ਹੋਈ ਅਵਾਜ ਥੜ੍ਹੇ ਦੇ ਪਿੱਛੋਂ ਆਈ - ਸ਼ੇਰ ਖਾਂ ਦੀ ਰੋਂਦੀ ਹੋਈ ਅਵਾਜ :"ਇਹ ਬਲ੍ਹੂੰਗੜਾ ਮੇਰਾ ਹੈ ॥ ਇਸ ਨੂੰ ਮੈਨੂੰ ਦੇ ਦਿਓ ॥ ਅਜਾਦ ਲੋਕਾਂ ਨੇ ਇਕ ਆਦਮੀ ਦੇ ਬਲ੍ਹੂੰਗੜੇ ਦਾ ਕੀ ਕਰਨਾ ਹੈ ?" ਕਲ੍ਹੇ ਨੇ ਕਦੀਂ ਅਪਨੇ ਕਨ੍ਹ ਨਹੀਂ ਸੀ ਫੜਕਾਏ ॥ ਸਿਰਫ ਇਨ੍ਹਾ ਹੀ ਕਿਹਾ ਸੀ : "ਚੰਗੀ ਤਰ੍ਹਾਂ ਵੇੱਖੋ ਓਹ ਬਘਿਆੜੋ ! ਅਜਾਦ ਲੋਕਾਂ ਦਾ ਕਿਸੇ ਹੋਰ ਦੇ ਹੁਕਮ ਬਾਰੇ ਕੀ ਕਰਨਾ ਹੈ ਸਿਰਫ ਅਜਾਦ ਲੋਕਾਂ ਦੇ ਹੁਕਮ ਦੇ ਬਜਾਏ ? ਚੰਗੀ ਤਰ੍ਹਾਂ ਵੇੱਖੋ !"

Akela never raised his head from his paws, but went on with the monotonous cry: "Look well!" A muffled roar came up from behind the rocks—the voice of Shere Khan crying: "The cub is mine. Give him to me. What have the Free People to do with a man's cub?" Akela never even twitched his ears. All he said was: "Look well, O Wolves! What have the Free People to do with the orders of any save the Free People? Look well!"

ਇਕ ਅਵਾਜ'ਚ ਬਘਿਆੜ ਘੁਰ੍ਰ ਘੁਰ੍ਰ ਕਰਨ ਲਗ ਪਏ ਅਤੇ ਇਕ ਬਘਿਆੜ ਜਿਸ ਨੂੰ ਚੌਥਾ ਸਾਲ ਚੜ੍ਹਿਆ ਸੀ । ਕਲ੍ਹੇ ਨੂੰ ਸ਼ੇਰ ਖਾਂ ਦਾ ਸਵਾਲ ਦੇ ਮਾਰਿਆ : "ਅਜਾਦ ਲੋਕਾਂ ਦਾ ਆਦਮੀ ਦੇ ਬਲ੍ਹੂੰਗੜੇ ਨਾਲ ਕੀ ਲੈਣਾ ਦੇਣਾ ਹੈ ?" ਹੁਣ ਜੰਗਲ ਦਾ ਕਨੂੰਨ

ਕਹਿੰਦਾ ਹੈ ਕਿ ਜੇਕਰ ਕੋਈ ਝਗੜਾ ਝੇੜਾ ਹੋਵੇ ਕਿ ਦਲ ਨੂੰ ਬਲੂੰਗੜਾ ਕਬੂਲ ਕਰਨ ਦਾ ਅਖਤਿਆਰ ਹੈ ਕਿ ਨਹੀਂ । ਉਧੇ ਵਾਸ੍ਤੇ ਦਲ ਦੇ ਘਟੋਂ ਘਟ ਦੋ ਲੋਕਾਂ ਨੂੰ ਮੰਜੂਰ ਹੋਣਾ ਲਾਜ਼ਮੀ ਹੈ ਜੋ ਬਲੂੰਗੜੇ ਦੇ ਮਾਂ ਬਾਪ ਨਾਂ ਹੋਣ ॥

There was a chorus of deep growls, and a young wolf in his fourth year flung back Shere Khan's question to Akela: "What have the Free People to do with a man's cub?" Now, the Law of the Jungle lays down that if there is any dispute as to the right of a cub to be accepted by the Pack, he must be spoken for by at least two members of the Pack who are not his father and mother.

"ਇਸ ਬਲੂੰਗੜੇ ਲਈ ਕੌਣ ਬੋੱਲੇਗਾ ?" ਕਲ੍ਹੇ ਨੇ ਕਿਹਾ ॥ "ਅਜਾਦ ਲੋਕਾਂ'ਚੋਂ ਕੌਣ ਬੋੱਲੇਗਾ ?" ਕੋਈ ਜਵਾਬ ਨਹੀਂ ਆਇਆ ਅਤੇ ਮਾਤਾ ਬਘਿਆੜ ਉਸ ਲੜਾਈ ਵਾਸ੍ਤੇ ਤਿਆਰ ਹੋ ਗਈ ਜ੍ਹਿਧਾ ਉਸ ਨੂੰ ਪਤਾ ਸੀ ਕਿ ਇਹ ਉਧੀ ਆਖਰੀ ਲੜਾਈ ਹੋਵੇਗੀ। ਜੇਕਰ ਇਸ ਦੀ ਨੌਬਤ ਆ ਜਾਵੇ ॥

"Who speaks for this cub?" said Akela. "Among the Free People who speaks?" There was no answer and Mother Wolf got ready for what she knew would be her last fight, if things came to fighting.



ਪੰਚਾਇਤੀ ਥੜ੍ਹੇ'ਤੇ ਬੈਠਕ ॥

The meeting at the council rock.

ਫੇਰ ਜੇ ਕੋਈ ਹੋਰ ਜਾਨਵਰ ਜੋ ਪੰਚਾਇਤ'ਚ ਆ ਸਕਦਾ ਹੈ ਓਹ ਹੈ ਭਾੱਲੂ । ਸੌਂਦੂ ਭੂਰਾ ਰਿਛ ਜੋ ਬਘਿਆੜਾਂ ਦੇ ਬਲੂੰਗੜਿਆਂ ਨੂੰ ਜੰਗਲ ਦਾ ਕਨੂੰਨ ਸਿਖਾਉਂਦਾ ਹੈ : ਬਜੁਰ੍ਗ ਭਾੱਲੂ ਜੋ ਜਿੱਥੇ ਉਧਾ ਦਿਲ ਕਰੇ ਆ ਅਤੇ ਜਾ ਸਕਦਾ ਹੈ ਕਿਓਂਕਿ ਓਹ ਸਿਰਫ ਜੜ੍ਹਾਂ

ਸ਼ਹਿਦ ਅਤੇ ਮੇਵੇ ਹੀ ਖਾਉਂਦਾ ਹੈ - ਅਪਨੇ ਪੁੱਠਾਂ'ਤੇ ਖੜਾ ਹੋਇਆ'ਤੇ ਗੜਗੜਾਇਆ ॥

Then the only other creature who is allowed at the Pack Council—Baloo, the sleepy brown bear who teaches the wolf cubs the Law of the Jungle: old Baloo, who can come and go where he pleases because he eats only nuts and roots and honey—rose upon his hind quarters and grunted.

"ਆਦਮੀ ਦਾ ਬਲੂੰਗੜਾ - ਆਦਮੀ ਦਾ ਬਲੂੰਗੜਾ ?" ਓਹ ਬੋੱਲਿਆ ॥ "ਮੈ ਬੋਲਾਂਗਾ ਇਸ ਬਲੂੰਗੜੇ ਵਾਸ੍ਤੇ ॥ ਆਦਮੀ ਦੇ ਬਲੂੰਗੜੇ'ਚ ਕੋਈ ਬੁਰਾਈ ਨਹੀਂ ਹੈ ॥ ਮੇਰੇ ਕੋਲ ਬੋਲਣ ਵਾਸ੍ਤੇ ਸ਼ਬਦ ਨਹੀਂ ਹਣ ਪਰ ਮੈਂ ਸਚ੍ਚ ਬੋਲਦਾ ਹਾਂ ॥ ਇਸ ਨੂੰ ਦਲ ਨਾਲ ਹੀ ਰਹਿਣ ਦਿਓ ॥ ਮੈਂ ਖੁਦ ਇਸ ਨੂੰ ਸਿਖਾਂਵਾਂਗਾ ॥"

"The man's cub—the man's cub?" he said. "I speak for the man's cub. There is no harm in a man's cub. I have no gift of words, but I speak the truth. Let him run with the Pack, and be entered with the others. I myself will teach him."

"ਸਾਨੂੰ ਇਕ ਹੋਰ ਬੰਦਾ ਚਾਹਿਦਾ ਹੈ" ਕਲ੍ਹੇ ਨੇ ਕਿਹਾ ॥ "ਭਾੱਲੂ ਬੋੱਲਿਆ ਹੈ । ਅਤੇ ਇਹ ਸਾੱਢੇ ਛੋਟ੍ਹੇ ਬਲੂੰਗੜਿਆਂ ਦਾ ਉਸ੍ਤਾਦ ਹੈ ॥ ਭਾੱਲੂ ਤੋਂ ਇਲਾਵਾ ਹੋਰ ਕੌਣ ਬੋੱਲੇਗਾ? "

"We need yet another," said Akela. "Baloo has spoken, and he is our teacher for the young cubs. Who speaks besides Baloo?"

ਇਕ ਕਾਲੀ ਪਰਛਾਂਈ ਘੇਰੇ'ਚ ਆਨ ਡਿਗ੍ਗੀ ॥ ਓਹ ਸੀ ਬਘੀਰਾ ਕਾਲਾ ਤੇਂਦੁਆ । ਹਰ ਤਰਫੋਂ ਕਾਲਾ ਸਿਆਹ । ਮਗਰ ਕਿਸੇ ਕਿਸੇ ਰੋਸ਼ਨੀ'ਚ ਉਧੇ ਨਿਸ਼ਾਨ ਨਜਰ ਆਓਂਦੇ ਸੀ ਜਿਵੇਂ ਪਾਣੀ'ਚ ਭਿੱਜਿਆ ਹੋਇਆ ਰੇਸ਼ਮ ਹੋਵੇ ॥ ਹਰ ਕੋਈ ਬਘੀਰੇ ਨੂੰ ਜਾਣਦਾ ਸੀ । ਅਤੇ ਕੋਈ ਭੀ ਉਸਦਾ ਰਸ੍ਤਾ ਕਟ੍ਟਣ ਦੀ ਕੋਸ਼ਿਸ਼ ਨਹੀਂ ਕਰਦਾ ਸੀ ॥ ਕਿਓਂਕਿ ਓਹ ਇਨ੍ਹਾ ਮੱਕਾਰ ਸੀ ਜਿਨ੍ਹਾ ਤਬਾੱਕੀ । ਜੰਗਲੀ ਮੱਝ ਵਰਗਾ ਬਹਾਦਰ ਅਤੇ ਇਨ੍ਹਾ ਤਰਥੱਲ ਮਚਾਉਣ ਵਾਲਾ ਜਿਨ੍ਹਾ ਇਕ ਜਖਮੀ ਹਾਥੀ ॥ ਮਗਰ ਉਧੀ ਅਵਾਜ ਇਨ੍ਹੀ ਕੋਮਲ ਸੀ ਜਿਵੇਂ ਇਕ ਦ੍ਰਖ੍ਤ'ਤੋਂ ਡਿਗਦਾ ਹੋਇਆ ਸ਼ਹਿਦ । ਅਤੇ ਚਮੜੀ ਖੰਭਾਂ ਨਾਲੋਂ ਭੀ ਕੋਮਲ ॥

A black shadow dropped down into the circle. It was Bagheera the Black Panther, inky black all over, but with the panther markings showing up in certain lights like the pattern of watered silk. Everybody knew Bagheera, and nobody cared to cross his path; for he was as cunning as Tabaqui, as bold as the wild buffalo, and as reckless as the wounded elephant. But he had a voice as soft as wild honey dripping from a tree, and a skin softer than down.

"ਓਹ ਕਲ੍ਹਿਆ । ਅਤੇ ਅਜਾਦ ਲੋੱਕੋ ।" ਓਹ ਮਮਿਆਇਆ । "ਮੇਰਾ ਕੋਈ ਹੱਕ ਨਹੀਂ ਬਣਦਾ ਕਿ ਮੈਂ ਤੁਹਾਡੀ ਪੰਚਾਇਤ'ਚ ਆਂਵਾਂ । ਮਗਰ ਜੰਗਲ ਦਾ ਕਨੂੰਨ ਕਹਿੰਦਾ ਹੈ ਕਿ ਕੋਈ ਸ਼ੰਕਾ ਸ਼ੁਭਾ ਹੋਵੇ ਅਤੇ ਜੇਕਰ ਇਹ ਇਕ ਬਲੂੰਗੜੇ ਨੂੰ ਲੈਕੇ ਮਰਨ ਮਾਰਨ ਦੀ ਗੱਲ ਨਾਂ ਹੋਵੇ । 'ਤੇ ਉਸ ਬਲੂੰਗੜੇ ਦੀ ਜਿੰਦਗੀ ਇਕ ਮੁੱਲ'ਤੇ ਖਰੀਦੀ ਜਾ ਸਕਦੀ ਹੈ ॥ ਅਤੇ ਕਨੂੰਨ ਇਹ ਨਹੀਂ ਕਹਿੰਦਾ ਕਿ

ਇਹ ਮੁੱਲ ਕੌਣ ਅਦਾ ਕਰ ਸਕਦਾ ਹੈ ॥ ਕਿ ਮੈਂ ਠੀਕ ਬੋੱਲਿਆ ?"

"O Akela, and ye the Free People," he purred, "I have no right in your assembly, but the Law of the Jungle says that if there is a doubt which is not a killing matter in regard to a new cub, the life of that cub may be bought at a price. And the Law does not say who may or may not pay that price. Am I right?"

"ਬਹੁਤ ਚੰਗਾ ! ਬਹੁਤ ਵਧਿਆ !" ਜਵਾਨ ਬਘਿਆੜਾਂ ਨੇ ਕਿਹਾ । ਜੋ ਹਮੇਸ਼ਾ ਹੀ ਭੁੱਖੇ ਰਹਿੰਦੇ ਨੇ ॥ "ਬਘੀਰੇ ਨੂੰ ਸੁਣੋ ॥ ਬਲੂੰਗੜਾ ਇਕ ਕੀਮਤ ਦੇ ਕੇ ਖਰੀਦਿਆ ਜਾ ਸਕਦਾ ਹੈ ॥ ਇਹ ਹੀ ਕਨੂੰਨ ਹੈ ॥"

"Good! Good!" said the young wolves, who are always hungry. "Listen to Bagheera. The cub can be bought for a price. It is the Law."

"ਇਹ ਜਾਣਦੇ ਹੋਏ ਕਿ ਮੇਰਾ ਇੱਥੇ ਬੋਲਣ ਦਾ ਕੋਈ ਹਕ ਨਹੀਂ ਹੈ । ਮੈ ਤੁਹਾਡੀ ਇਜਾਜ਼ਤ ਚਾਹੁੰਦਾ ਹਾਂ ॥"

"Knowing that I have no right to speak here, I ask your leave."

"ਤਾਂ ਬੋਲ ਫੇਰ ॥" ਵੀਹ'ਕ ਅਵਾਜਾਂ ਚੀਕੀਆਂ ॥

"Speak then," cried twenty voices.

"ਇਕ ਨੰਗੇ ਬਲੂੰਗੜੇ ਨੂੰ ਮਾਰਨਾ ਬੜੇ ਸ਼ਰਮ ਦੀ ਗੱਲ ਹੈ ॥ ਓਹ ਵੱਢਾ ਹੋਕੇ ਤੁਹਾਡਾ ਵਧੀਆ ਸ਼ਿਕਾਰ ਬਣ ਸਕਦਾ ਹੈ ॥ ਭਾੱਲੂ ਨੇ ਉਧੇ ਵੱਲੋਂ ਬੋੱਲਿਆ ॥ ਹੁਣ ਉਧੀ ਗੱਲ ਨਾਲ ਮੈ ਇਕ ਸੰਢਾ । ਓਹ ਭੀ ਇਕ ਮੋਟ੍ਾ ਤਾਜਾ । ਹੁਣੇ ਹੁਣੇ ਮਾਰਿਆ ਹੋਇਆ । ਇੱਥੋਂ ਅੱਧੇ ਮੀਲ'ਤੋਂ ਭੀ ਘਟ੍ਹ ਦੂਰੀ'ਤੇ । ਦੇਵਾਂਗਾ ਜੇਕਰ ਤੁਸੀਂ ਆਦਮੀ ਦੇ ਬਲੂੰਗੜੇ ਨੂੰ ਕਨੂੰਨ ਮੁਤਾਬਿਕ ਕਬੂਲ ਲਵੋਂ ॥ ਕਿ ਇਹ ਮੁਸ਼ਕਿਲ ਹੈ ?"

"To kill a naked cub is shame. Besides, he may make better sport for you when he is grown. Baloo has spoken in his behalf. Now to Baloo's word I will add one bull, and a fat one, newly killed, not half a mile from here, if ye will accept the man's cub according to the Law. Is it difficult?"

ਓੱਥੇ ਕਈ ਅਵਾਜਾਂ ਦਾ ਚੀਕ ਚਿਹਾੜਾ ਪੈਣ ਲਗ ਪਿਆ ਅਤੇ ਅਵਾਜਾਂ ਆਈਆਂ "ਕੇੜ੍ਹੀ ਗੱਲ ? ਓਹ ਸਰਦੀਆਂ ਦੀ ਬਾਰਿਸ਼ਾਂ'ਚ ਮਰ ਜਾਵੇਗਾ ॥ ਓਹ ਸੂਰਜ ਹੇਠਾਂ ਜਲ ਭੁੰਨ ਜਾਵੇਗਾ ॥ ਇਕ ਨੰਗਾ ਡੱਡੂ ਸਾੱਢਾ ਕੀ ਬੁਰਾ ਕਰ ਸਕਦਾ ਹੈ ? ਇਸ ਨੂੰ ਦਲ ਨਾਲ ਹੀ ਰਹਿਣ ਦਿਓ ॥ ਸੰਢਾ ਕਿੱਥੇ ਹੈ ਬਘੀਰੇ ? ਇਨ੍ਹੂ ਕਬੂਲ ਕਰ ਲਿਆ ਜਾਵੇ ॥" ਅਤੇ ਫੇਰ ਕਲ੍ਹੇ ਦੀ ਭਾਰੀ ਭੌਂਕਣ ਜਿਹੀ ਅਵਾਜ ਆਈ : "ਚੰਗੀ ਤਰ੍ਹਾਂ ਵੇੱਖੋ - ਚੰਗੀ ਤਰ੍ਹਾਂ ਵੇੱਖੋ । ਓਹ ਬਘਿਆੜੋ !

There was a clamor of scores of voices, saying: "What matter? He will die in the winter rains. He will scorch in the sun. What harm can a naked frog do us? Let

him run with the Pack. Where is the bull, Bagheera? Let him be accepted." And then came Akela's deep bay, crying: "Look well—look well, O Wolves!"

ਮੁਗਲੀ ਦੀ ਹਜੇ ਭੀ ਵਟ੍ਹਿਆਂ'ਚ ਦਿਲਚਸਪੀ ਸੀ । ਅਤੇ ਉਸ ਨੂੰ ਪਤਾ ਨਹੀਂ ਚੱਲਿਆ ਕਿ ਇਕ ਇਕ ਕਰਕੇ ਬਘਿਆੜ ਓਨ੍ਹੂ ਵੇਖ ਕੇ ਗਏ ਸੀ ॥ ਅਖੀਰ'ਚ ਓਹ ਸਾਰੇ ਮਰੇ ਹੋਏ ਸੰਢੇ ਵਾਸ੍ਤੇ ਪ੍ਰਾੜੀ'ਤੋਂ ਥੱਲੇ ਉਤਰੇ । ਅਤੇ ਸਿਰਫ ਕਲ੍ਹਾ । ਬਘੀਰਾ । ਭਾੱਲੂ ਅਤੇ ਮੁਗਲੀ ਦੇ ਅਪਨੇ ਬਘਿਆੜ ਪਿੱਛੇ ਰਹੇ ॥ ਸ਼ੇਰ ਖਾਂ ਹਜੇ ਭੀ ਰਾਤ ਨੂੰ ਬੜਕਾਂ ਮਾਰਦਾ ਸੀ । ਕਿਓਂਕਿ ਓਹ ਹਜੇ ਭੀ ਗੁੱਸਾਇਆ ਹੋਇਆ ਸੀ ਕਿ ਮੁਗਲੀ ਨੂੰ ਓਨ੍ਹੂ ਨਹੀਂ ਸੌਂਪਿਆ ਗਿਆ ॥

Mowgli was still deeply interested in the pebbles, and he did not notice when the wolves came and looked at him one by one. At last they all went down the hill for the dead bull, and only Akela, Bagheera, Baloo, and Mowgli's own wolves were left. Shere Khan roared still in the night, for he was very angry that Mowgli had not been handed over to him.

"ਉਏ ਚੰਗੀ ਤਰ੍ਹਾਂ ਦਹਾੜ ।" ਬਘੀਰੇ ਨੇ ਅਪਨੀਆਂ ਮੁੱਛਾਂ ਸਵਾਰਕੇ ਕਿਹਾ । "ਕਿਓਂਕਿ ਇਕ ਦਿਨ ਆਵੇਗਾ ਜਦੋਂ ਇਹ ਨੰਗਾ ਬਲੂੰਗੜਾ ਤੈਨੂੰ ਕਿਸੇ ਹੋਰ ਹੀ ਧੁਨ'ਚ ਦਹਾੜਨ ਵਾਸ੍ਤੇ ਮਜਬੂਰ ਕਰ ਦੇਵੇਗਾ । ਜਾਂ ਫੇਰ ਮੈਨੂੰ ਆਦਮੀਆਂ ਬਾਰੇ ਕੁਝ ਪਤਾ ਹੀ ਨਹੀਂ ॥"

"Ay, roar well," said Bagheera, under his whiskers, "for the time will come when this naked thing will make thee roar to another tune, or I know nothing of man."

"ਇਹ ਬੜੀ ਚੰਗੀ ਤਰ੍ਹਾਂ ਹੋਇਆ ।" ਕਲ੍ਹੇ ਨੇ ਕਿਹਾ ॥ "ਆਦਮੀ ਅਤੇ ਓਨ੍ਹਾਂ ਦੇ ਬਲੂੰਗੜੇ ਬੜੇ ਸਿਆਣੇ ਨੇ ॥ ਸਮਾਂ ਆਓਣ'ਤੇ ਉਧੀ ਬੜੀ ਮਦਦ ਹੋਵੇਗੀ ॥"

"It was well done," said Akela. "Men and their cubs are very wise. He may be a help in time."

"ਠੀਕ ਗੱਲ ਹੈ ਓਹ ਲੋੜ ਪੈਣ'ਤੇ ਮਦਦ ॥ ਕਿਓਂਕਿ ਕੋਈ ਭੀ ਹਮੇਸ਼ਾਂ ਵਾਸ੍ਤੇ ਦਲ ਦੀ ਸਰਦਾਰੀ ਕਰਨ ਬਾਰੇ ਨਹੀਂ ਉੱਮੀਦ ਕਰ ਸਕਦਾ ।" ਬਘੀਰੇ ਨੇ ਕਿਹਾ ॥

"Truly, a help in time of need; for none can hope to lead the Pack forever," said Bagheera.

ਕਲ੍ਹੇ ਨੇ ਕੁਝ ਨਹੀਂ ਕਹਿਆ ॥ ਓਹ ਉਸ ਵਕ੍ਤ ਬਾਰੇ ਸੋਚ ਰਿਹਾ ਸੀ ਜਿੜ੍ਹਾ ਹਰੇਕ ਦਲ ਦੇ ਸਰਦਾਰ ਦੀ ਜਿੰਦਗੀ'ਚ ਆਓਂਦਾ ਹੈ ਜਦੋਂ ਉਧੀ ਤਾਕਤ ਦਿਨ ਪਰ ਦਿਨ ਘਟ੍ਹਦੀ ਜਾਉਂਦੀ ਹੈ । ਤੇ ਆਖਿਰਕਾਰ ਬਘਿਆੜ ਉਸ ਨੂੰ ਮਾਰ ਸਿਟ੍ਹਦੇ ਨੇ ਅਤੇ ਇਕ ਨਵਾਂ ਸਰਦਾਰ ਆ ਜਾਉਂਦਾਂ ਹੈ - ਜਿਸ ਨੂੰ ਉਧੀ ਵਾਰੀ ਆਓਣ ਤੇ ਮਾਰ ਦਿਤ੍ਤਾ ਜਾਉਂਦਾ ਹੈ ॥

Akela said nothing. He was thinking of the time that comes to every leader of every pack when his strength goes from him and he gets feebler and feebler, till at last he is killed by the wolves and a new leader comes up—to be killed in his turn.

"ਇਸ ਨੂੰ ਲੈ ਜਾਉ ।" ਓਨ੍ਹੇ ਪਿਤਾ ਬਘਿਆੜ ਨੂੰ ਕਿਹਾ ॥ "ਅਤੇ ਜਿਵੇਂ ਅਜਾਦ ਲੋਕਾਂ ਨੂੰ ਠੀਕ ਜਾਪਦਾ ਹੈ ਇਸ ਨੂੰ ਸਿੱਖਿਆ ਦਿਓ ॥"

"Take him away," he said to Father Wolf, "and train him as befits one of the Free People."

ਅਤੇ ਇਸ ਤਰ੍ਹਾਂ ਮੁਗਲੀ ਸਿਉਨੀ ਦੇ ਬਘਿਆੜਾਂ ਦੇ ਦਲ'ਚ ਸ਼ਾਮਿਲ ਹੋਇਆ ਇਕ ਸੰਢੇ ਦੀ ਕੀਮਤ ਅਤੇ ਭਾੱਲੂ ਦੇ ਮਿਠੜੇ ਬੋੱਲਾਂ ਦੇ ਸਦਕੇ ॥

And that is how Mowgli was entered into the Seeonee Wolf Pack for the price of a bull and on Baloo's good word.

ਹੁਣ ਤੁਹਾਨੂੰ ਪੂਰੇ ਦੱਸ ਜਾਂ ਗਿਆਰ੍ਹਾਂ ਸਾਲ ਛੱਡ ਕੇ ਸੰਤੋਖ ਕਰ ਲੈਣਾ ਚਾਹਿਦਾ ਹੈ । ਅਤੇ ਸਿਰਫ ਇਹ ਖਿਆਲ ਕਰਨਾ ਚਾਹਿਦਾ ਹੈ ਕਿ ਮੁਗਲੀ ਦੀ ਜਿੰਦਗੀ ਬਘਿਆੜਾਂ ਨਾਲ ਕਿਨ੍ਹੀ ਮਜੇ'ਚ ਗੁਜਰੀ ਹੋਵੇਗੀ । ਕਿਓਂਕਿ ਅਗਰ ਇਸ ਬਾਰੇ ਲਿਖਿਆ ਜਾਵੇ ਤਾਂ ਕਈ ਕਿਤਾਬਾਂ ਭਰ ਜਾਣਗੀਆਂ ॥ ਓਹ ਬਲੂੰਗੜਿਆਂ ਨਾਲ ਵੱਢਾ ਹੋਇਆ । ਬੇਸ਼ਕ ਓਹ ਬਹੁਤ ਪਹਿਲਾਂ ਹੀ ਜਵਾਨ ਹੋ ਗਏ ਜਦੋਂ ਕਿ ਇਹ ਹਜੇ ਬਚ੍ਚਾ ਹੀ ਸੀ ॥ ਅਤੇ ਪਿਤਾ ਬਘਿਆੜ ਨੇ ਇਸ ਨੂੰ ਅਪਨਾ ਕੱਮ ਸਿਖਾਇਆ । ਅਤੇ ਜੰਗਲ ਦੀਆਂ ਚੀਜਾਂ ਦਾ ਮਤਲਬ ਸਮਝਾਇਆ। ਘਾਹ'ਚ ਹਵਾ ਦੀ ਹਰੇਕ ਝੋਂਕ । ਹਰ ਗਰਮ ਰਾਤ'ਚ ਸਾਹ ਲੈਣ ਦਾ ਇਹਸਾਸ । ਉ੍ਹਧੇ ਸਿਰ ਉਤ੍ਤੇ ਬੋਲਦੇ ਹੋਏ ਉੱਲੂ ਦਾ ਹਰੇਕ ਸੁਰ । ਚੰਮਗਿਦੱੜ ਦੇ ਪੰਜਿਆਂ ਦੀ ਹਰੇਕ ਝਰੀਟ ਜਦੋਂ ਓਹ ਦ੍ਰਖ੍ਤ ਤੇ ਅਪਨੇ ਬਸੇਰੇ'ਚ ਹੋਵੇ । ਅਤੇ ਹਰ ਮੱਛੀ ਦੀਆਂ ਛੱਪੜ'ਚ ਮਾਰਦੀਆਂ ਹੋਈਆਂ ਛਾਲਾਂ ਦੀਆਂ ਛਿਟ੍ਟਾਂ ਦਾ ਉ੍ਹਧੇ ਵਾਸ੍ਤੇ ਓਨ੍ਹਾ ਹੀ ਮਤਲਬ ਸੀ ਜਿਨ੍ਹਾ ਕਿ ਇਕ ਅਪਨੇ ਦਫਤਰ'ਚ ਬੈਠੇ ਹੋਏ ਇਕ ਵਪਾਰੀ ਨੂੰ ਅਪਨੇ ਕੱਮ ਨਾਲ ॥ ਜਦੋਂ ਓਹ ਸਿਖ ਨਹੀਂ ਰਹਿਆ ਹੁੰਦਾ ਸੀ ਓਹ ਬਾਹਰ ਧੁੱਪੇ ਬੈਠਦਾ ਅਤੇ ਸੌਂਦਾ ਸੀ । ਅਤੇ ਖਾਉਂਦਾ ਸੀ ਅਤੇ ਫੇਰ ਸੌਂ ਜਾਉਂਦਾ ਸੀ ॥ ਜਦੋਂ ਓਹ ਗੰਦਾ ਹੋ ਜਾਉਂਦਾ ਸੀ ਜਾਂ ਓਨ੍ਹੂ ਗਰਮੀ ਲਗਦੀ ਸੀ । ਓਹ ਜੰਗਲ ਦੀਆਂ ਛਪੜੀਆਂ'ਚ ਨ੍ਹਾ ਲੈਂਦਾ ਸੀ । ਅਤੇ ਜਦੋਂ ਓਨ੍ਹੂ ਸ਼ਹਿਦ ਦੀ ਲੋੜ ਹੁੰਦੀ ਸੀ (ਭਾੱਲੂ ਨੇ ਇਨ੍ਹੂ ਦੱਸਿਆ ਸੀ ਕਿ ਸ਼ਹਿਦ ਅਤੇ ਮੇਵੇ ਖਾਣ'ਚ ਓਨ੍ਹਾ ਹੀ ਮਜਾ ਆਓਂਦਾ ਹੈ ਜਿਨ੍ਹਾ ਕਚ੍ਚਾ ਮਾਸ ਖਾਣ'ਚ) ਓਹ ਉ੍ਹਧੇ ਵਾਸ੍ਤੇ ਉੱਪਰ ਚੜ੍ਹ ਜਾਉਂਦਾ ਸੀ । ਅਤੇ ਇਹ ਕਿਵੇਂ ਕਰਨਾ ਹੈ ਇਨ੍ਹੂ ਬਘੀਰੇ ਨੇ ਸਿਖਾਇਆ ਸੀ ॥

Now you must be content to skip ten or eleven whole years, and only guess at all the wonderful life that Mowgli led among the wolves, because if it were written out it would fill ever so many books. He grew up with the cubs, though they, of course, were grown wolves almost before he was a child. And Father Wolf taught him his business, and the meaning of things in the jungle, till every rustle in the grass, every breath of the warm night air, every note of the owls above his head, every scratch of a bat's claws as it roosted for a while in a tree, and every splash of

every little fish jumping in a pool meant just as much to him as the work of his office means to a business man. When he was not learning he sat out in the sun and slept, and ate and went to sleep again. When he felt dirty or hot he swam in the forest pools; and when he wanted honey (Baloo told him that honey and nuts were just as pleasant to eat as raw meat) he climbed up for it, and that Bagheera showed him how to do.

ਬਘੀਰਾ ਇਕ ਟਾਹਣੀ'ਤੇ ਲੰਮਾਂ ਪੈ ਜਾਉਂਦਾ ਅਤੇ ਅਵਾਜ ਲਗਾਉਂਦਾ "ਮੇਰੇ ਪਿੱਛੇ ਆ ਜਾ ਛੋਟ੍ਰੇ ਭਰਾ ।" ਅਤੇ ਪਹਿਲਾਂ ਮੁਗਲੀ ਹੋਲੇ ਜਿਹੇ ਫੜਦਾ ਸੀ ਮਗਰ ਬਾਦ'ਚੋਂ ਓਹ ਬਹਾਦਰੀ ਨਾਲ ਇੰਝ ਇਕ ਟ੍ਹਾਣੀ'ਤੋਂ ਦੂਜੀ ਟ੍ਹਾਣੀ ਟੱਪਦਾ ਸੀ ਜਿਵੇਂ ਇਕ ਸਲੇਟੀ ਬਾਂਦਰ ॥ ਓਹ ਉਸ ਥੜ੍ਹੇਂ'ਤੇ ਅਪਨੀ ਜਗ੍ਹਾ ਜਾ ਕੇ ਬੈਠਦਾ ਸੀ ਜਿੱਥੇ ਪੰਚਾਇਤ ਲਗਦੀ ਸੀ । ਅਤੇ ਓੱਥੇ ਓਨ੍ਹੂ ਪਤਾ ਚੱਲਿਆ ਕਿ ਜੇ ਓਹ ਕਿਸੇ ਬਘਿਆੜ ਵੱਲ ਜੋਰ ਦੀ ਘੂਰੀ ਵਟ੍ਹੇ ਤਾਂ ਓਹ ਬਘਿਆੜ ਨੀਵੀਂ ਪਾਉਣ ਨੂੰ ਮਜਬੂਰ ਹੋ ਜਾਉਂਦਾ ਸੀ । ਅਤੇ ਓਹ ਇੰਜ ਮਜਾਕ ਵਾਸਤੇ ਘੂਰੀਆਂ ਵਟ੍ਹਦਾ ਰਹਿੰਦਾ ਸੀ ॥ ਕਿਸੇ ਹੋਰ ਵੇਲ੍ਹੇ ਓਹ ਅਪਨੇ ਦੋਸ੍ਤਾਂ ਦੇ ਪੈਰਾਂ'ਚੋਂ ਲੰਮੇ ਕੰਡੇ ਕੱਢਦਾ ਰਹਿੰਦਾ ਸੀ । ਕਿਓਂਕਿ ਬਘਿਆੜਾਂ ਨੂੰ ਅਪਨੀ ਖੱਲ'ਚ ਪਈਆਂ ਝਰੀਟਾਂ ਅਤੇ ਕੰਡਿਆਂ'ਤੋਂ ਬਹੁਤ ਦੁਖ ਭੋਗਣਾ ਪੈਂਦਾ ਹੈ ॥ ਓਹ ਰਾਤ ਨੂੰ ਪ੍ਹਾੜੀ ਉਤ੍ਹੁਰ ਕੇ ਥੱਲੇ ਖੇਤੀਹਰ ਜਮੀਨਾਂ'ਤੇ ਜਾਉਂਦਾ ਸੀ । ਅਤੇ ਬੜਾ ਜਿਗਿਆਸੂ ਹੋਕੇ ਪਿੰਡ ਵਾਲਿਆਂ ਨੂੰ ਓਨ੍ਹਾਂ ਦੀਆਂ ਝੁਗ੍ਗੀਆਂ'ਚ ਵੇਖਦਾ ਸੀ ॥ ਮਗਰ ਓਹ ਇਨਸਾਨਾਂ'ਤੇ ਬਿਲਕੁਲ ਇਤਬਾਰ ਨਹੀਂ ਕਰਦਾ ਸੀ ਕਿਓਂਕਿ ਬਘੀਰੇ ਨੇ ਉਸ ਨੂੰ ਇਕ ਚਕੋਰ ਡੱਬਾ ਵਿਖਾਇਆ ਸੀ ਜ੍ਹਿਧੇ ਉਤ੍ਹੇ ਇਕ ਦਰਵਾਜਾ ਸੀ ਜੋ ਡਿਗ ਪੈਂਦਾ ਸੀ ਜੇਕਰ ਕੋਈ ਦਰਵਾਜੇ'ਤੇ ਫਸਾਈ ਹੋਈ ਲੱਕੜ ਨੂੰ ਛੇੜੇ । ਅਤੇ ਡੱਬੇ ਨੂੰ ਇਨ੍ਹੀ ਮੱਕਾਰੀ ਨਾਲ ਜੰਗਲ'ਚ ਲੁਕੋਇਆ ਗਿਆ ਸੀ ਕਿ ਓਹ ਇਕ ਬਾਰੀ ਡੱਬੇ'ਚ ਫੱਸਦਾ ਫੱਸਦਾ ਬਚਿਆ । ਅਤੇ ਦੱਸਿਆ ਸੀ ਕੀ ਓਹ ਇਕ ਕੁੜਿੱਕੀ ਸੀ ॥ ਉਸ ਨੂੰ ਸਭ'ਤੋਂ ਜਿਆਦਾ ਚੰਗਾ ਬਘੀਰੇ ਦੇ ਨਾਲ ਗਰਮ'ਤੇ ਹਨੇਰੇ ਜੰਗਲ ਦੇ ਅੰਦਰ ਜਾ ਕੇ ਸੁਸ੍ਤਾਉਂਦੇ ਹੋਏ ਦਿਨ'ਚ ਸੌਣਾ ਚੰਗਾ ਲਗਦਾ ਸੀ ਅਤੇ ਰਾਤ ਨੂੰ ਵੇਖਣਾ ਕਿ ਬਘੀਰੇ ਨੇ ਸ਼ਿਕਾਰ ਕਿਵੇਂ ਕੀਤ੍ਹਾ ॥ ਜਦੋਂ ਬਘੀਰੇ ਨੂੰ ਭੁੱਖ ਲਗਦੀ ਸੀ ਓਹ ਜਿੜ੍ਹਾ ਭੀ ਜਾਨਵਰ ਓ੍ਹਧੇ ਰਸ੍ਤੇ'ਚ ਆਓਂਦਾ ਸੀ ਉਸ ਨੂੰ ਓਹ ਮਾਰ ਸਿਟ੍ਹਦਾ ਸੀ । ਅਤੇ ਮੁਗਲੀ ਭੀ ਇੰਜ ਹੀ ਕਰਦਾ ਸੀ ਸਿਵਾਏ ਇਕ ਗੱਲ ਦੇ ॥ ਜਦੋਂ ਓਹ ਇਨ੍ਹਾ ਵੱਢਾ ਹੋ ਗਿਆ'ਤੇ ਓਨ੍ਹੇ ਹੋਸ਼ ਸੰਭਾਲਿਆ । ਬਘੀਰੇ ਨੇ ਉਸ ਨੂੰ ਦੱਸਿਆ ਕਿ ਓਨ੍ਹੂ ਕਦੇ ਭੀ ਡੰਗਰਾਂ'ਤੇ ਹੱਥ ਨਹੀਂ ਪਾਉਣਾ ਚਾਹਿਦਾ ਕਿਓਂਕਿ ਦਲ ਨੇ ਉਸ ਨੂੰ ਇਕ ਸੰਢੇ ਦੀ ਕੀਮਤ ਚੁਕਾ ਕੇ ਖਰੀਦਿਆ ਸੀ ॥ "ਸਾਰਾ ਜੰਗਲ ਤੇਰਾ ਹੈ" ਬਘੀਰੇ ਨੇ ਕਿਹਾ । "ਅਤੇ ਤੂੰ ਹਜੇ ਇਨ੍ਹਾ ਜੋਰਦਾਰ ਨਹੀਂ ਹੋਇਆ ਕਿ ਜੰਗਲ'ਚ ਹਰ ਚੀਜ ਨੂੰ ਮਾਰ ਸਕੇਂ ॥ ਪਰ ਉਸ ਸੰਢੇ ਦੀ ਖਾਤਿਰ ਜ੍ਹਿਧੀ ਵਜ੍ਹਾ ਨਾਲ ਤੈਨੂੰ ਖਰੀਦਿਆ ਗਇਆ ਸੀ । ਤੈਨੂੰ ਕੋਈ ਭੀ ਛੋਟ੍ਹਾ ਜਾਂ ਵੱਢਾ ਡੰਗਰ ਨਾਂ ਤੇ ਮਾਰਨਾ ਚਾਹਿਦਾ ਹੈ ਅਤੇ ਨ ਹੀ ਖਾਣਾ ਚਾਹਿਦਾ ਹੈ ॥ ਇਹ ਹੀ ਜੰਗਲ ਦਾ ਕਨੂੰਨ ਹੈ॥" ਮੁਗਲੀ ਨੇ ਵਫਾਦਾਰੀ ਨਾਲ ਇਸ ਨੂੰ ਨਿਭਾਇਆ ॥

Bagheera would lie out on a branch and call, "Come along, Little Brother," and at first Mowgli would cling like the sloth, but afterward he would fling himself through the branches almost as boldly as the gray ape. He took his place at the Council Rock, too, when the Pack met, and there he discovered that if he stared hard at any wolf, the wolf would be forced to drop his eyes, and so he used to stare for fun. At other times he would pick the long thorns out of the pads of his friends, for wolves suffer terribly from thorns and burs in their coats. He would go down the hillside into the cultivated lands by night, and look very curiously at the

villagers in their huts, but he had a mistrust of men because Bagheera showed him a square box with a drop gate so cunningly hidden in the jungle that he nearly walked into it, and told him that it was a trap. He loved better than anything else to go with Bagheera into the dark warm heart of the forest, to sleep all through the drowsy day, and at night see how Bagheera did his killing. Bagheera killed right and left as he felt hungry, and so did Mowgli—with one exception. As soon as he was old enough to understand things, Bagheera told him that he must never touch cattle because he had been bought into the Pack at the price of a bull's life. "All the jungle is thine," said Bagheera, "and thou canst kill everything that thou art strong enough to kill; but for the sake of the bull that bought thee thou must never kill or eat any cattle young or old. That is the Law of the Jungle." Mowgli obeyed faithfully.



ਬਘੀਰਾ ਇਕ ਟ੍ਹਾਣੀ'ਤੇ ਲੰਮਾਂ ਪੈਕੇ ਅਵਾਜ ਮਾਰਦਾ 'ਆ ਜਾ ਛੋਟ੍ਹੇ ਭਰਾ'"

"Bagheera would lie out on a branch and call, 'Come along, Little Brother.'"

All this will show you how much Mowgli had to learn by heart, and he grew very tired of saying the same thing over a hundred times. But, as Baloo said to Bagheera, one day when Mowgli had been cuffed and run off in a temper, "A man's cub is a man's cub, and he must learn all the Law of the Jungle."

"ਮਗਰ ਜਰਾ ਸੋਚੋ ਕਿ ਓਹ ਕਿਨ੍ਹਾ ਛੋਟ੍ਹਾ ਹੈ ।" ਕਾਲੇ ਤੇਂਦੁਏ ਨੇ ਕਿਹਾ । ਜਿਹ ਉਧਾ ਵੱਸ ਚਲਦਾ ਤੇ ਓਨ੍ਹੇ ਮੁਗਲੀ ਨੂੰ ਵਿਗਾੜ ਦੇਣਾ ਸੀ ॥ "ਇ੍ਧਾ ਛੋਟ੍ਹਾ ਜਿਹਾ ਸਿਰ ਕਿਸ ਤਰ੍ਹਾਂ ਤੇਰੀਆਂ ਇਨ੍ਹੀਆਂ ਵੱਢੀਆਂ ਵੱਢੀਆਂ ਗੱਲਾਂ ਬਰਦਾਸ਼੍ਤ ਕਰ ਸਕਦਾ ਹੈ ?"

"But think how small he is," said the Black Panther, who would have spoiled Mowgli if he had had his own way. "How can his little head carry all thy long talk?"

"ਕਿ ਜੰਗਲ'ਚ ਕੋਈ ਐਸੀ ਨਿੱਕੀ'ਤੇ ਨਿੱਕੀ ਚੀਜ ਮਾਰਨ ਜੋਗ ਹੈ ? ਨਹੀਂ ॥ ਇਸ ਲਈ ਮੈਂ ਇਨ੍ਹੂ ਇਹ ਚੀਜਾਂ ਸਿਖਾ ਰਿਹਾ ਹਾਂ । ਅਤੇ ਇਸ ਲਈ ਮੈਂ ਇਨ੍ਹੂ ਕੁਟਾਪਾ ਚਾੜ੍ਹਦਾ ਹਾਂ । ਬਹੁਤ ਪੋੱਲੇ ਜਿਹੇ । ਜਦੋਂ ਇਹ ਭੁੱਲ ਜਾਉਂਦਾ ਹੈ ॥"

"Is there anything in the jungle too little to be killed? No. That is why I teach him these things, and that is why I hit him, very softly, when he forgets."

"ਪੋੱਲੇ ਜਿਹੇ ! ਤੈਨੂੰ ਕੀ ਪਤਾ ਨਰਮੀ ਦਾ ਲੋਹੇ ਦੇ ਪੈਰਾਂ ਵਾਲੇ ਬੁੱਢੜਿਆ ?" ਬਘੀਰਾ ਅੜ੍ਹੁੱਕਿਆ ॥ "ਇ੍ਧਾ ਮੂੰਹ ਅੱਜ ਤੇਰੀ ਨਰਮੀ

ਸਦਕਾ ਬੁਰੀ ਤਰ੍ਹਾਂ ਝਰੀਟਾਂ ਨਾਲ ਭਰਿਆ ਹੋਇਆ ਹੈ - ਨਰਮੀ ॥ ਹਾਂ ॥"

"Softly! What dost thou know of softness, old Iron-feet?" Bagheera grunted. "His face is all bruised today by thy—softness. Ugh."

"ਚੰਗਾ ਹੈ ਕਿ ਮੈਂ ਇਨ੍ਹ ਸਿਰ ਤੋਂ ਲੈਕੇ ਪੈਰਾਂ ਤਾਂਈ ਝਰੀਟਾਂ ਨਾਲ ਭਰ ਦਿਆਂ ਜੋ ਇਨ੍ਹੂ ਪਿਆਰ ਕਰਦਾ ਹੈ ਬਜਾਏ ਇ੍ਹਧੇ ਕਿ ਇਸ ਨੂੰ ਅਪਨੀ ਅਗਿਆਨਤਾ ਕਰਕੇ ਕਿਸੇ ਮੁਸੀਬਤ ਦਾ ਮੂੰਹ ਵੇਖਨਾ ਪਏ ।" ਭਾੱਲੂ ਨੇ ਬੜੀ ਸਮਝਦਾਰੀ ਨਾਲ ਜਵਾਬ ਦਿਤ੍ਹਾ ॥ "ਮੈਂ ਇਨ੍ਹੂ ਹੁੰਣ ਜੰਗਲ ਦੇ ਚੋਣਵੇ ਸ਼ਬਦ ਸਿਖਾ ਰਿਹਾ ਹਾਂ ਜਿੜ੍ਹੇ ਇ੍ਹਧੀ ਰੱਖਿਆ ਕਰਨਗੇ । ਪਰਿੰਦਿਆਂ ਅਤੇ ਸੱਪ ਲੋਕਾਂ'ਤੋਂ ਅਤੇ ਓਨ੍ਹਾ ਸਾਰੇ ਜੀਆਂ ਜੰਤੁਆਂ'ਤੋਂ ਜਿੜ੍ਹੇ ਚਾਰ ਪੈਰਾਂ'ਤੇ ਸ਼ਿਕਾਰ ਕਰਦੇ ਨੇ । ਇ੍ਹਧੇ ਅਪਨੇ ਦਲ'ਤੋਂ ਸਿਵਾ ॥ ਇਹ ਹੁਣ ਅਪਨੀ ਸੁਰੱਖਿਆ ਦਾ ਦਾਵਾ ਕਰ ਸਕਦਾ ਹੈ । ਬਸ਼ਰਤੇ ਕਿ ਇਨ੍ਹੂ ਇਹ ਚੋਣਵੇਂ ਸ਼ਬਦ ਸਭ ਦੇ ਸਾਹਮਨੇ ਜੰਗਲ'ਚ ਯਾਦ ਰਹਿਣ ॥ ਕੀ ਇਹ ਗੱਲ ਥੋੜ੍ਹੀ ਜਿਹੀ ਪਿਟਾਈ ਦੇ ਕਾਬਿਲ ਨਹੀਂ ਹੈ ?"

"Better he should be bruised from head to foot by me who love him than that he should come to harm through ignorance," Baloo answered very earnestly. "I am now teaching him the Master Words of the Jungle that shall protect him with the birds and the Snake People, and all that hunt on four feet, except his own pack. He can now claim protection, if he will only remember the words, from all in the jungle. Is not that worth a little beating?"

"ਚੰਗਾ ਹੈ । ਵੇਖੀਂ ਕਿਤੇ ਆਦਮੀ ਦੇ ਬਲੂੰਗੜੇ ਨੂੰ ਮਾਰ ਹੀ ਨਾਂ ਛੱਡੀਂ ॥ ਇਹ ਕੋਈ ਦ੍ਰਖ਼ੁ ਦਾ ਤਨਾ ਨਹੀਂ ਹੈ ਜਿ੍ਹਧੇ ਉਤ੍ਹੇ ਤੂੰ ਅਪਨੇ ਖੁੰਡੇ ਪੰਜੇ ਤੇਜ ਕਰੇਂ ॥ ਪਰ ਓਹ ਚੋਣਵੇਂ ਸ਼ਬਦ ਕੇੜ੍ਹੇ ਨੇ ? ਮੈਂ ਮਦਦ ਮੰਗਣ ਤੋਂ ਜਿਆਦਾ ਮਦਦ ਕਰਨਾ ਪਸੰਦ ਕਰਾਂਗਾਂ" ਬਘੀਰੇ ਨੇ ਇਕ ਪੰਜਾ ਅਗ੍ਹੇ ਕਰਕੇ ਅੰਗੜਾਈ ਲਈ ਅਤੇ ਗੂੜ੍ਹੇ ਨੀਲੇ ਰੰਗ ਦੇ । ਛੈਨੀ ਵਾਂਗ ਪਾੜੂ ਨੋਹਾਂ ਨੂੰ ਨਿਹਾਰਿਆ "ਮੈਂ ਹਜੇ ਭੀ ਜਾਣਨਾਂ ਚਾਹੁੰਦਾ ਹਾਂ ॥"

"Well, look to it then that thou dost not kill the man-cub. He is no tree trunk to sharpen thy blunt claws upon. But what are those Master Words? I am more likely to give help than to ask it"—Bagheera stretched out one paw and admired the steel-blue, ripping-chisel talons at the end of it—"still I should like to know."

"ਮੈਂ ਮੁਗਲੀ ਨੂੰ ਬੁਲਾਉਂਦਾ ਹਾਂ ਅਤੇ ਓਹ ਦੱਸੇਗਾ - ਜਿਹ ਓਹ ਦੱਸਨਾ ਚਾਹੇਗਾ ॥ ਆ । ਛੋਟ੍ਹੇ ਭਰਾ !"

"I will call Mowgli and he shall say them—if he will. Come, Little Brother!"

"ਮੇਰਾ ਸਿਰ ਸ਼ਹਿਦ ਦੀ ਮੱਖੀਆਂ ਦੇ ਦ੍ਰਖ਼ੁ ਵਾਂਗ ਭਿਨਭਿਨਾਂ ਰਿਹਾ ਹੈ ।" ਇਕ ਛੋਟ੍ਹੀ ਜਿਹੀ ਖਿਜੀ ਹੋਈ ਅਵਾਜ ਨੇ ਓਨ੍ਹਾਂ ਦੇ ਸਿਰ ਉੱਪਰ ਕਿਹਾ । ਅਤੇ ਮੁਗਲੀ ਇਕ ਦ੍ਰਖ਼ੁ ਦੇ ਤਨੇ'ਤੋਂ ਹੇਠਾਂ ਸਿਰਕਦਾ ਹੋਇਆ ਬੜੇ ਗੁੱਸੇ'ਚ ਬੋੱਲਿਆ । "ਮੈਂ ਬਘੀਰੇ ਕਰਕੇ ਅਇਆ ਹਾਂ ਤੇਰੇ ਵਾਸ੍ਹੇ ਨਹੀਂ । ਬੁੱਡੜੇ ਮੋਟ੍ਹੂ ਭਾੱਲੂ !"

"My head is ringing like a bee tree," said a sullen little voice over their heads, and

Mowgli slid down a tree trunk very angry and indignant, adding as he reached the ground: "I come for Bagheera and not for thee, fat old Baloo!"

"ਇਹ ਮੇਰੇ ਲਈ ਕੋਈ ਨਵੀਂ ਗੱਲ ਨਹੀ ਹੈ ।" ਭਾੱਲੂ ਬੋੱਲਿਆ ਪਰ ਅੰਦਰੋਂ ਓਹ ਬੜਾ ਦੁਖੀ ਸੀ'ਤੇ ਓਨ੍ਹ ਬੜੀ ਸਟ੍ਹ ਵੱਜੀ ਸੀ ॥ "ਚਲ ਫੇਰ । ਬਘੀਰੇ ਨੂੰ ਜੰਗਲ ਦੇ ਚੋਣਵੇਂ ਸ਼ਬਦ ਸੁਣਾ । ਜਿੜ੍ਹੇ ਮੈਂ ਤੈਨੂੰ ਅੱਜ ਸਿਖਾਏ ਨੇ ॥"

"That is all one to me," said Baloo, though he was hurt and grieved. "Tell Bagheera, then, the Master Words of the Jungle that I have taught thee this day."

"ਕੇੜ੍ਹੇ ਲੋਕਾਂ ਦੇ ਚੋਣਵੇਂ ਸ਼ਬਦ ?" ਫੜੀ ਮਾਰਦਾ ਹੋਇਆ । ਮੁਗਲੀ ਬੋੱਲਿਆ ॥ "ਜੰਗਲ ਦੀਆਂ ਬਹੁਤ ਸਾਰੀਆਂ ਜਬਾਨਾ ਨੇ ॥ ਅਤੇ ਮੈਨੂੰ ਸਾਰੀਆਂ ਆਓਂਦੀਆਂ ਨੇ ॥"

"Master Words for which people?" said Mowgli, delighted to show off. "The jungle has many tongues. I know them all."

"ਤੈਨੂੰ ਥੋੜਾ'ਕੁ ਆਓਂਦਾ । ਹੈ ਬਹੁਤਾ ਨਹੀਂ ॥ ਵੇਖ । ਓਹ ਬਘੀਰੇ । ਓਹ ਅਪਨੇ ਉਸਤਾਦ ਦੇ ਕਦੇ ਭੀ ਸ਼ੁਕਰਗੁਜਾਰ ਨਹੀਂ ਹੁੰਦੇ ॥ ਕਦੇ ਭੀ ਇਕ ਨਿੱਕਾ ਜਿਹਾ ਬਘਿਆੜ ਭਾੱਲੂ ਨੂੰ ਉਧੇ ਸਿਖਾਉਣ ਖਾਤਿਰ ਧਨਵਾਦ ਕਹਿਣ ਵਾਸ੍ਤੇ ਨਹੀਂ ਮੁੜਿਆ ॥ ਤਾਂ ਫੇਰ ਸ਼ਿਕਾਰੀ - ਲੋਕਾਂ ਦਾ ਸ਼ਬਦ ਬੋਲ ਵੱਢੇ ਵਿਦਵਾਨਾ ॥"

"A little thou knowest, but not much. See, O Bagheera, they never thank their teacher. Not one small wolfling has ever come back to thank old Baloo for his teachings. Say the word for the Hunting-People, then—great scholar."

"ਸਾਢੀਆਂ ਰਗਾਂ'ਚ ਇਕ ਹੀ ਲਹੂ ਹੈ। ਤੇਰੀਆਂ'ਤੇ ਮੇਰੀਆਂ ।" ਮੁਗਲੀ ਬੋੱਲਿਆ । ਭਾੱਲੂ ਦੀ ਜਬਾਨ'ਚ ਓਹ ਸ਼ਬਦ ਬੋਲਦਿਆਂ ਹੋਏ ਜਿੜ੍ਹੇ ਸਾਰੇ ਸ਼ਿਕਾਰੀ ਲੋਗ ਇਸ੍ਤੁਮਾਲ ਕਰਦੇ ਨੇ ॥

"We be of one blood, ye and I," said Mowgli, giving the words the Bear accent which all the Hunting People use.

"ਬਹੁਤ ਚੰਗਾ ॥ ਹੁਣ ਪਰਿੰਦਿਆਂ ਦੇ ॥"

"Good. Now for the birds."

ਮੁਗਲੀ ਨੇ ਮੁੜ ਬੋੱਲਿਆ । ਅਤੇ ਵਾਕ ਦੇ ਅਖੀਰ'ਚ ਇੱਲ੍ਹ ਦੀ ਸੀਟੀ ਮਾਰੀ ॥

Mowgli repeated, with the Kite's whistle at the end of the sentence.

"ਹੁਣ ਸੱਪ - ਲੋਕਾਂ ਦੇ ।" ਬਘੀਰਾ ਬੋੱਲਿਆ॥

"Now for the Snake-People," said Bagheera.

ਜਵਾਬ ਸੀ ਇਕ ਫੁਫਕਾਰ ਜਿਸ ਨੂੰ ਬਿਆਨ ਨਹੀਂ ਕੀਤ੍ਹਾ ਜਾ ਸਕਦਾ । ਅਤੇ ਮੁਗਲੀ ਨੇ ਅਪਨੇ ਪੈਰ ਪਿਛਾਂ ਨੂੰ ਮਾਰੇ । 'ਤੇ ਅਪਨੇ ਆਪ ਨੂੰ ਸ਼ਾਬਾਸ਼ੀ ਦੇਣ ਵਾਸ੍ਤੇ ਤਾੜੀ ਮਾਰੀ । ਅਤੇ ਬਘੀਰੇ ਦੀ ਪਿਠ'ਤੇ ਚੜ੍ਹ ਗਿਆ । ਜਿੱਥੇ ਓਹ ਇਕ ਪਾਸੇ ਜਾ ਕੇ ਬੈਠ ਗਿਆ । 'ਤੇ ਚਿਕਨੀ ਖੱਲ'ਤੇ ਅਪਨੀਆਂ ਅੱਡੀਆਂ ਨਾਲ ਢੋਲ ਵਜਾਉਣ ਲਗ ਪਿਆ ਅਤੇ ਭਾੱਲੂ ਨੂੰ ਭੈੜੇ'ਤੋਂ ਭੈੜਾ ਮੂੰਹ ਬਨਾ ਕੇ ਚਿੜਾਉਣ ਲਗ ਪਿਆ ॥

The answer was a perfectly indescribable hiss, and Mowgli kicked up his feet behind, clapped his hands together to applaud himself, and jumped on to Bagheera's back, where he sat sideways, drumming with his heels on the glossy skin and making the worst faces he could think of at Baloo.

"ਓਥੇ - ਓਥੇ ! ਇਹ ਇਕ ਛੋਟ੍ਰੀ ਜਿਹੀ ਝਰੀਟ ਦੇ ਕਾਬਿਲ ਸੀ ।" ਭੂਰੇ ਰਿੱਛ ਨੇ ਪਿਆਰ ਦੇ ਨਾਲ ਬੋੱਲਿਆ ॥ "ਕਿਸੀ ਦਿਨ ਤੂੰ ਮੈਨੂੰ ਯਾਦ ਕਰੇਂਗਾ ॥" ਫੇਰ ਓਹ ਇਕ ਪਾਸੇ ਹੋ ਗਿਆ ਬਘੀਰੇ ਨੂੰ ਦੱਸਨ ਵਾਸ੍ਤੇ ਕਿ ਓਨ੍ਹੇ ਕਿੰਝ ਹਾਥੀ ਅਗ੍ਗੇ ਮਿੰਨਤਾਂ ਕੀਤੀਆਂ ਸੀ ਚੋਣਵੇਂ ਸ਼ਬਦਾਂ ਵਾਸ੍ਤੇ । ਜਿਸ ਨੂੰ ਇਨ੍ਹਾ ਬਾਰੇ ਸਭ ਕੁਝ ਪਤਾ ਹੈ । ਅਤੇ ਕਿਵੇਂ ਹਾਥੀ ਮੁਗਲੀ ਨੂੰ ਤਲਾਈ ਕੰਡੇ ਲੈਕੇ ਗਿਆ ਸੀ ਤਾਕਿ ਸੱਪਾਂ ਦੇ ਚੋਣਵੇਂ ਸ਼ਬਦ ਪਾਣੀ ਦੇ ਸੱਪ'ਤੋਂ ਪ੍ਰਾਪਤ ਕਰ ਸਕੇ ਕਿਓਂਕਿ ਭਾੱਲੂ ਨੂੰ ਓਹ ਬੋਲਨੇ ਨਹੀਂ ਸੀ ਆਓਂਦੇ । ਅਤੇ ਹੁਣ ਕਿਵੇਂ ਮੁਗਲੀ ਜੰਗਲ ਦੇ ਹਾਦਸਿਆਂ'ਤੋਂ ਸੁਰਖਿਇਤ ਹੈ । ਕਿਓਂਕਿ ਨਾਂ ਹੀ ਸੱਪ । ਪਰਿੰਦੇ । ਤੇ ਨਾਂ ਹੀ ਵ੍ਹਸ਼ੀ ਇਨੂ੍ਹ ਨੁਕਸਾਨ ਪਹੁੰਚਾਉਣਗੇ ॥

"There—there! That was worth a little bruise," said the brown bear tenderly. "Some day thou wilt remember me." Then he turned aside to tell Bagheera how he had begged the Master Words from Hathi the Wild Elephant, who knows all about these things, and how Hathi had taken Mowgli down to a pool to get the Snake Word from a water-snake, because Baloo could not pronounce it, and how Mowgli was now reasonably safe against all accidents in the jungle, because neither snake, bird, nor beast would hurt him.

"ਫੇਰ ਕਿਸੇ ਤੋਂ ਭੀ ਡਰਨ ਦੀ ਲੋੜ ਨਹੀਂ ਹੈ ।" ਭਾੱਲੂ ਨੇ ਅਪਨੀ ਗੱਲ । ਅਪਨੀ ਮੋ੍ਟੀ ਜੱਤ ਭਰੇ ਢਿੱਡ'ਤੇ ਫਖਰ ਨਾਲ ਹੱਥ ਫੇਰਦੇ ਹੋਏ ਸਮਾਪਤ ਕੀਤ੍ਹੀ ॥

"No one then is to be feared," Baloo wound up, patting his big furry stomach with pride.

"ਸਿਰਫ ਇਕ ਅਪਨੇ ਕਬੀਲੇ'ਤੋਂ ਸਿਵਾ ।" ਬਘੀਰੇ ਨੇ ਕਿਹਾ । ਪਹਿਲਾਂ ਅਪਨੇ ਮੂੰਹ'ਚ ਫੇਰ ਜੋਰ ਦੇ ਨਾਲ ਮੁਗਲੀ ਨੂੰ । "ਮੇਰੀਆਂ ਹੱਡੀਆਂ ਦੀ ਖੈਰ ਕਰ ਛੋਟ੍ਰੇ ਭਰਾ ! ਇਹ ਕੀ ਤੂੰ ਉਪੱਰ ਹੇਠਾਂ ਨਚ੍ਹੀ ਜਾਨ ਡਿਹਾਂ ਹੈਂ?"

"Except his own tribe," said Bagheera, under his breath; and then aloud to Mowgli, "Have a care for my ribs, Little Brother! What is all this dancing up and down?"

ਮੁਗਲੀ ਬਘੀਰੇ ਦੇ ਮੋਢੇ ਦੀ ਜੱਤ ਨੂੰ ਖਿਚ੍ਹ ਕੇ ਅਤੇ ਜੋਰ ਜੋਰ ਦੀ ਲਤ੍ਹਾਂ ਮਾਰ ਕੇ ਅਪਨੇ ਆਪ ਨੂੰ ਸੁਣਵਾਉਨ ਦੀ ਕੋਸ਼ਿਸ਼ ਕਰ ਰਿਹਾ ਸੀ ॥ ਜਦੋਂ ਦੋਨ੍ਹਾਂ ਨੇ ਉਸ ਨੂੰ ਸੁਣਿਆ ਓਹ ਜਿਨ੍ਹੀ ਉਚ੍ਚੀ ਅਵਾਜ'ਚ ਬੋਲ ਸਕਦਾ ਸੀ । ਬੋਲ ਰਿਹਾ ਸੀ ॥ ਅਤੇ ਹੁਣ ਮੈਨੂੰ ਅਪਨਾ ਕਬੀਲਾ ਬਣਾਉਨਾ ਪਏਗਾ । 'ਤੇ ਓਨ੍ਹਾਂ ਦੀ ਅਗਵਾਈ ਟ੍ਹਾਣੀਆਂ'ਚ ਪੂਰੇ ਦਿਨ ਕਰਨੀ ਪਏਗੀ ॥"

Mowgli had been trying to make himself heard by pulling at Bagheera's shoulder fur and kicking hard. When the two listened to him he was shouting at the top of his voice, "And so I shall have a tribe of my own, and lead them through the branches all day long."

"ਇਹ ਕੀ ਨਵੀਂ ਨਦਾਨੀ ਹੈ । ਸੁਪਨੇ ਵੇਖਣ ਵਾਲੇ ਛੋਟੂ?" ਬਘੀਰਾ ਬੋੱਲਿਆ ॥

"What is this new folly, little dreamer of dreams?" said Bagheera.

"ਹਾਂ । ਅਤੇ ਟ੍ਹਾਣੀਆਂ ਤੇ ਮਿਟ੍ਹੀ ਭਾੱਲੂ'ਤੇ ਸੁਟ੍ਹੋ । " ਮੁਗਲੀ ਬੋਲਦਾ ਰਿਹਾ ॥ "ਓਨ੍ਹਾਂ ਨੇ ਮੇਰੇ ਨਾਲ ਇਹ ਵਾਇਦਾ ਕੀਤ੍ਹਾ ਹੈ ॥ ਆਹ !"

"Yes, and throw branches and dirt at old Baloo," Mowgli went on. "They have promised me this. Ah!"

"ਠਾ !" ਭਾੱਲੂ ਦੇ ਵੱਢੇ ਪੰਜੇ ਨੇ ਮੁਗਲੀ ਨੂੰ ਬਘੀਰੇ ਦੀ ਪਿੱਠ'ਤੋਂ ਠਾਂਹ ਮਾਰਿਆ । ਅਤੇ ਜਦੋਂ ਮੁੰਡਾ ਅੱਗਲੀਆਂ ਲਤ੍ਹਾਂ'ਚ ਪਇਆ ਹੋਇਆ ਸੀ ਓਹ ਵੇਖ ਸਕਦਾ ਸੀ ਕਿ ਰਿਛ ਗੁੱਸੇ'ਚ ਸੀ ॥

"Whoof!" Baloo's big paw scooped Mowgli off Bagheera's back, and as the boy lay between the big fore-paws he could see the Bear was angry.

"ਮੁਗਲੀ" ਭਾੱਲੂ ਬੋੱਲਿਆ । "ਤੂੰ ਬਾਂਦਰ ਲੋਕਾਂ ਨਾਲ ਗਲ - ਬਾਤ ਕਰ ਰਿਹਾਂ ਹੈਂ ॥"

"Mowgli," said Baloo, "thou hast been talking with the Bandar-log—the Monkey People."

ਮੁਗਲੀ ਨੇ ਬਘੀਰੇ ਵਲ ਝਾਤ੍ਹੀ ਮਾਰੀ ਇਹ ਵੇਖਣ ਵਾਸ੍ਹੇ ਕਿ ਕਿਤੇ ਤੇਂਦੁਆ ਭੀ ਗੁੱਸੇ ਤਾਂ ਨਹੀਂ ਸੀ । ਅਤੇ ਬਘੀਰੇ ਦੀਆਂ ਅੱਖਾਂ ਬੜੀਆਂ ਪਥਰਾਈਆਂ ਹੋਈਆਂ ਸੀ ॥

Mowgli looked at Bagheera to see if the Panther was angry too, and Bagheera's eyes were as hard as jade stones.

"ਤੂੰ ਬਾਂਦਰ ਲੋਕਾਂ ਨਾਲ ਸੀ - ਸਲੇਟੀ ਬਾਂਦਰ - ਓਹ ਲੋਕੀ ਜਿਨ੍ਹਾਂ ਦਾ ਕੋਈ ਕਨੂੰਨ ਨਹੀਂ ਹੈ - ਸਭ ਕੁਝ ਖਾਣ ਵਾਲੇ ॥ ਇਹ ਬੜੇ ਸ਼ਰਮ ਦੀ ਗੱਲ ਹੈ ॥"

"Thou hast been with the Monkey People—the gray apes—the people without a law—the eaters of everything. That is great shame."

"ਜਦੋਂ ਭਾੱਲੂ ਨੇ ਮੇਰੇ ਸਿਰ ਭਨ੍ਹਿਆ ਸੀ ।" ਮੁਗਲੀ ਬੋੱਲਿਆ(ਹਾਲੇ ਭੀ ਓਹ ਉਧੀ ਪਿਠ'ਤੇ ਬੈਠਾ ਸੀ) । "ਮੈ ਦੂਰ ਚਲਾ ਗਿਆ । 'ਤੇ ਸਲੇਟੀ ਬਾਂਦਰਾਂ ਨੇ ਦ੍ਰਖ਼ੁਾਂ'ਤੋਂ ਹੇਠਾਂ ਆ ਕੇ ਮੇਰੇ'ਤੇ ਤਰਸ ਖਾਧਾ ॥ ਹੋਰ ਕਿਸੇ ਨੂੰ ਮੇਰੀ ਕੋਈ ਪਰਵਾਹ ਨਹੀਂ ਸੀ ॥" ਓਨ੍ਹੇ ਅਪਨਾ ਜਰਾ'ਕ ਨੱਕ ਸੁੜਕਾਇਆ ॥

"When Baloo hurt my head," said Mowgli (he was still on his back), "I went away, and the gray apes came down from the trees and had pity on me. No one else cared." He snuffled a little.

"ਬਾਂਦਰ ਲੋਕਾਂ ਦੀ ਹਮਦਰ੍ਦੀ !" ਭਾੱਲੂ ਨੇ ਨੱਕ ਫੜਫੜਾਇਆ "ਪ੍ਰਾੜੀ ਚੋਈ ਦੀ ਚੁੱਪੀ ! ਗਰਮੀਆਂ ਦੇ ਸੂਰਜ ਦੀ ਠੰਡ ! ਅਤੇ ਫੇਰ । ਆਦਮੀ ਦਾ ਬਲੂੰਗੜਾ ?"

"The pity of the Monkey People!" Baloo snorted. "The stillness of the mountain stream! The cool of the summer sun! And then, man-cub?"

"ਅਤੇ ਫੇਰ । ਅਤੇ ਫੇਰ । ਓਨ੍ਹਾਂ ਨੇ ਮੈਨੂੰ ਮੇਵੇ'ਤੇ ਚੰਗੀਆਂ ਚੀਜਾਂ ਖਾਣ ਵਾਸ੍ਤੇ ਦਿਤ੍ਤੀਆਂ । ਅਤੇ ਓਹ - ਓਹ ਮੈਨੂੰ ਅਪਨੇ ਹਥੀਂ ਚੁੱਕ ਕੇ ਦ੍ਰਖ਼ੁਾਂ ਦੇ ਉੱਪਰ ਲੈ ਗਏ ਅਤੇ ਮੈਂ ਓਨ੍ਹਾਂ ਨੂੰ ਕਿਹਾ ਕਿ ਮੇਰੀਆਂ ਰਗਾਂ'ਚ ਭੀ ਓਨ੍ਹਾਂ ਦਾ ਹੀ ਖ਼ੂਨ ਹੈ ਪਰ ਮੇਰੀ ਸਿਰਫ ਪੂਛ ਨਹੀਂ ਹੈ । ਅਤੇ ਇਕ ਦਿਨ ਮੈਨੂੰ ਓਨ੍ਹਾਂ ਦਾ ਸਰਦਾਰ ਹੋਣਾ ਚਾਹਿਦਾ ਹੈ ॥"

"And then, and then, they gave me nuts and pleasant things to eat, and they—they carried me in their arms up to the top of the trees and said I was their blood brother except that I had no tail, and should be their leader some day."

"ਓਨ੍ਹਾਂ ਦਾ ਕੋਈ ਸਰਦਾਰ ਨਹੀਂ ਹੈ ।" ਬਘੀਰੇ ਨੇ ਕਿਹਾ ॥ "ਓਹ ਝੂਠ ਬੋਲਦੇ ਹਣ ॥ ਓਨ੍ਹਾਂ ਨੇ ਹਮੇਸ਼ਾਂ ਹੀ ਝੂਠ ਬੋੱਲਿਆ ਹੈ ॥"

"They have no leader," said Bagheera. "They lie. They have always lied."

"ਓਹ ਬੜੇ ਰਹਿਮਦਿਲ ਸੀ ਅਤੇ ਮੈਨੂੰ ਦੁਬਾਰਾ ਆਓਣ ਦਾ ਸਦ੍ਦਾ ਦਿਤ੍ਤਾ॥ ਮੈਨੂੰ ਕਦੇ ਬਾਂਦਰ ਲੋਕਾਂ'ਚ ਕਿਓਂ ਨਹੀਂ ਲੈਕੇ ਗਏ ? ਓਹ ਅਪਨੇ ਪੈਰਾਂ'ਤੇ ਖੜੇ ਹੋ ਸਕਦੇ ਨੇ ਜਿਵੇਂ ਮੈਂ ਹੋ ਸਕਦਾ ਹਾਂ ॥ ਓਹ ਅਪਨੇ ਸਖ੍ਤ ਪੰਜਿਆਂ ਨਾਲ ਮੈਨੂੰ ਮਾਰਦੇ ਨਹੀਂ ਹਣ ॥ ਓਹ ਸਾਰੇ ਦਿਨ ਖੇਡਦੇ ਨੇ ॥ ਮੈਨੂੰ ਖੜੇ ਹੋਣ ਦੇ ! ਭੈੜੇ ਭਾੱਲੂ । ਮੈਨੂੰ ਉੱਪਰ ਚੁੱਕ ! ਮੈਂ ਓਨ੍ਹਾਂ ਨਾਲ ਫੇਰ ਖੇਡਾਂਗਾ ॥"

"They were very kind and bade me come again. Why have I never been taken

among the Monkey People? They stand on their feet as I do. They do not hit me with their hard paws. They play all day. Let me get up! Bad Baloo, let me up! I will play with them again."

"ਸੁਣ । ਆਦਮੀ ਦੇ ਬਲੂੰਗੜੇ ।" ਭਾੱਲੂ ਨੇ ਕਿਹਾ । ਅਤੇ ਉਧੀ ਅਵਾਜ ਇੰਝ ਗਰਜੀ ਜਿਵੇਂ ਇਕ ਗਰਮ ਰਾਤ ਦੀ ਬਿਜਲੀ ਦੀ ਗਰਜ ॥ "ਮੈਂ ਤੈਨੂੰ ਪੂਰਾ ਜੰਗਲ ਦਾ ਕਨੂੰਨ ਜੰਗਲ ਦੇ ਹਰ ਤਰ੍ਹਾਂ ਦੇ ਲੋਕਾਂ ਦਾ ਸਿਖਾਇਆ ਹੈ - ਸਿਰਫ ਇਕ ਬਾਂਦਰ ਲੋਕਾਂ ਨੂੰ ਛੱਡ ਕੇ ਜਿੜ੍ਹੇ ਦ੍ਰਖ਼ਤਾਂ'ਤੇ ਰਹਿੰਦੇ ਨੇ ॥ ਓਨ੍ਹਾਂ ਦਾ ਕੋਈ ਕਨੂੰਨ ਨਹੀਂ ਹੈ ॥ ਓਨ੍ਹਾਂ ਨੂੰ ਜੰਗਲ ਦੀ ਬਿਰਾਦਰੀ'ਚੋਂ ਛੇਕਿਆ ਹੋਇਆ ਹੈ ॥ ਓਨ੍ਹਾਂ ਦੀ ਅਪਨੀ ਕੋਈ ਬੋੱਲੀ ਨਹੀਂ ਹੈ। ਮਗਰ ਓਹ ਚੋਰੀ ਕਰ ਕੇ ਜੋ ਭੀ ਓਹ ਸੁਣਦੇ ਨੇ ਓਹੀ ਸ਼ਬਦ ਇਸ੍ਤੇਮਾਲ ਕਰਦੇ ਨੇ । ਬੁਰੀ ਨਜਰ ਨਾਲ ਝਾਤੀਆਂ ਮਾਰਦੇ ਨੇ । ਅਤੇ ਉੱਪਰ ਟ੍ਹਾਣੀਆਂ'ਚ ਇੰਤਜਾਰ ਕਰਦੇ ਨੇ ॥ ਓਨ੍ਹਾਂ ਦੇ ਤੌਰ ਤਰੀਕੇ ਸਾੱਢੇ ਤੌਰ ਤਰੀਕੇ ਨਹੀਂ ਹਣ ॥ ਓਹ ਬਿਨਾਂ ਸਰਦਾਰਾਂ ਦੇ ਹਣ ॥ ਓਨ੍ਹਾਂ ਦੀ ਕੋਈ ਯਾਦਗਾਰ ਨਹੀਂ ਹੈ ॥ ਓਹ ਫੜਾਂ ਮਾਰਦੇ ਨੇ ਤੇ ਚਟਰ ਪਟਰ ਕਰਦੇ ਨੇ ਅਤੇ ਇੰਜ ਜਤਾਉਂਦੇ ਨੇ ਜਿਵੇਂ ਕਿ ਓਹ ਬੜੇ ਮਹਾਨ ਲੋਕ ਜੰਗਲ'ਚ ਬੜੇ ਵੱਢੇ ਕੱਮ ਕਰਨ ਜਾ ਰਹੇ ਹੋਣ । ਪਰ ਇਕ ਡਿਗਦਾ ਹੋਇਆ ਮੇਵਾ ਓਨ੍ਹਾਂ ਦਾ ਦਿਮਾਗ ਹਾੱਸੇ ਵੱਲ ਲਗਾ ਦੇਂਦਾ ਹੈ ਅਤੇ ਓਹ ਸਭ ਕੁਝ ਭੁਲ ਜਾਉਂਦੇ ਨੇ ॥ ਅਸੀਂ ਜੰਗਲ ਵਾਲਿਆਂ ਦਾ ਓਨ੍ਹਾਂ ਦੇ ਨਾਲ ਕੋਈ ਸਰੋਕਾਰ ਨਹੀਂ ਹੈ ॥ ਅਸੀਂ ਓਥੇ ਪਾਣੀ ਨਹੀਂ ਪੀਂਦੇ ਜਿੱਥੇ ਬਾਂਦਰ ਪਾਣੀ ਪੀਂਦੇ ਨੇ । ਅਸੀਂ ਓਥੇ ਨਹੀਂ ਜਾਉਂਦੇ ਜਿੱਥੇ ਬਾਂਦਰ ਜਾਉਂਦੇ ਨੇ । ਅਸੀਂ ਓਥੇ ਸ਼ਿਕਾਰ ਨਹੀਂ ਕਰਦੇ ਜਿੱਥੇ ਬਾਂਦਰ ਸ਼ਿਕਾਰ ਕਰਦੇ ਨੇ । ਅਸੀਂ ਓਥੇ ਨਹੀਂ ਮਰਦੇ ਜਿੱਥੇ ਬਾਂਦਰ ਮਰਦੇ ਨੇ ॥ ਕੀ ਅੱਜ ਤੋਂ ਪਹਿਲਾਂ ਤੂੰ ਮੈਨੂੰ ਬਾਂਦਰ ਲੋਕਾਂ ਬਾਰੇ ਗੱਲ ਕਰਦੇ ਹੋਏ ਸੁਣਿਆ ਹੈ ?"

"Listen, man-cub," said the Bear, and his voice rumbled like thunder on a hot night. "I have taught thee all the Law of the Jungle for all the peoples of the jungle—except the Monkey-Folk who live in the trees. They have no law. They are outcasts. They have no speech of their own, but use the stolen words which they overhear when they listen, and peep, and wait up above in the branches. Their way is not our way. They are without leaders. They have no remembrance. They boast and chatter and pretend that they are a great people about to do great affairs in the jungle, but the falling of a nut turns their minds to laughter and all is forgotten. We of the jungle have no dealings with them. We do not drink where the monkeys drink; we do not go where the monkeys go; we do not hunt where they hunt; we do not die where they die. Hast thou ever heard me speak of the Bandar-log till today?"

"ਨਹੀਂ ।" ਮੁਗਲੀ ਨੇ ਫੁਸਫੁਸਾਉਂਦੇ ਹੋਏ ਬੋੱਲਿਆ । ਕਿਓਂਕਿ ਜੰਗਲ ਹੁਣ ਸ਼ਾਂਤ ਹੋ ਚੁੱਕਿਆ ਸੀ ਕਿਓਂਕਿ ਭਾੱਲੂ ਬੋਲ ਹਟਿਆ ਸੀ ॥

"No," said Mowgli in a whisper, for the forest was very still now Baloo had finished.

"ਜੰਗਲ ਦੇ ਲੋਕਾਂ ਨੇ ਓਨ੍ਹਾਂ ਨੂੰ ਅਪਨੀ ਜਬਾਨ ਅਤੇ ਅਪਨੇ ਦਿਮਾਗੋਂ ਕੱਢ ਦਿਤ੍ਤਾ ਹੈ ॥ ਓਹ ਬਹੁਤ ਦੁਸ਼੍ਟ । ਗੰਦੇ । ਬੇਸ਼ਰਮ ਨੇ । ਅਤੇ ਓਹ ਚਾਹ੍ਵਾਨ ਨੇ । ਜੇਕਰ ਕਦੇ ਓਹ ਕਿਸੇ ਇਕ ਚੀਜ ਦੇ ਚਾਹ੍ਵਾਨ ਹੋਣ । ਕਿ ਜੰਗਲ ਦੇ ਲੋਗ ਓਨ੍ਹਾਂ ਵੱਲ ਧਿਆਨ ਦੇਣ ॥ ਅਸੀਂ ਓਨ੍ਹਾਂ ਵੱਲ ਧਿਆਨ ਨਹੀਂ ਦੇਂਦੇ ਓਦੋਂ ਭੀ ਜਦੋਂ ਓਹ ਸਾੱਢੇ ਸਿਰਾਂ'ਚ ਮੇਵੇ ਅਤੇ ਗੰਦ ਸਿਟ੍ਦੇ ਨੇ ॥"

"The Jungle-People put them out of their mouths and out of their minds. They are

very many, evil, dirty, shameless, and they desire, if they have any fixed desire, to be noticed by the Jungle People. But we do not notice them even when they throw nuts and filth on our heads."

ਹਜੇ ਓਹ ਮਾੜਾ ਜਿਹਾ ਹੀ ਬੋੱਲਿਆ ਸੀ ਕਿ ਦ੍ਰਖ਼ੁਾਂ'ਚੋਂ ਮੇਵਿਆਂ ਅਤੇ ਛੋਟ੍ਰੀਆਂ ਟ੍ਹਾਣੀਆਂ ਦੀ ਵਾਛੜ ਸ਼ੁਰੂ ਹੋ ਗਈ । ਅਤੇ ਓਹ ਕਮਜੋਰ ਟ੍ਹਾਣੀਆਂ'ਚ ਖੰਗੱਨ ਚੀਕਣ ਅਤੇ ਟਪੂਸੀਆਂ ਮਾਰਣ ਦੀਆਂ ਅਵਾਜਾਂ ਸੁਣ ਸਕਦੇ ਸੀ ॥

He had hardly spoken when a shower of nuts and twigs spattered down through the branches; and they could hear coughings and howlings and angry jumpings high up in the air among the thin branches.

"ਬਾਂਦਰ ਲੋਕ ਵਰਜਤ ਹਣ ।" ਭਾੱਲੂ ਨੇ ਕਿਹਾ । "ਜੰਗਲ ਦੇ ਲੋਕਾਂ ਨੂੰ ਵਰਜਤ ਹਣ ॥ ਯਾਦ ਰਖੀਂ ॥"

"The Monkey-People are forbidden," said Baloo, "forbidden to the Jungle-People. Remember."

"ਵਰਜਤ ।" ਬਘੀਰੇ ਨੇ ਕਿਹਾ ॥ "ਪਰ ਮੈਨੂੰ ਹਜੇ ਭੀ ਲਗਦਾ ਹੈ ਕਿ ਭਾੱਲੂ ਨੂੰ ਇਨ੍ਹਾਂ ਖਿਲਾਫ ਖਬਰਦਾਰ ਕਰਨਾ ਚਾਹਿਦਾ ਸੀ ॥"

"Forbidden," said Bagheera, "but I still think Baloo should have warned thee against them."

"ਮੈਂ - ਮੈਂ? ਮੈਨੂੰ ਕਿੰਵੇਂ ਪਤਾ ਲਗਦਾ ਕਿ ਇਹ ਮਿਟ੍ਰੀ ਪੈਣ ਜੋਗ੍ਹਿਆਂ ਨਾਲ ਖੇਡੂਗਾ ॥ ਬਾਂਦਰ ਲੋਕਾਂ ਨਾਲ ! ਹਾਂ !"

"I—I? How was I to guess he would play with such dirt. The Monkey People! Faugh!"

ਇਕ ਤਾਜੀ ਵਾੱਛੜ ਓਨ੍ਹਾਂ ਦੇ ਸਿਰ ਉਤ੍ਤੇ ਪਈ ਅਤੇ ਓਹ ਦੋਵੇਂ ਪਾਸੇ ਹੋ ਗਏ । ਅਤੇ ਮੁਗਲੀ ਨੂੰ ਭੀ ਨਾਲ ਕਰ ਲਿਆ ॥ ਭਾੱਲੂ ਨੇ ਜੋ ਬਾਂਦਰਾਂ ਬਾਰੇ ਕਿਹਾ ਸੀ ਓਹ ਬਿਲਕੁਲ ਸਚੂ ਹੈ ॥ ਓਨ੍ਹਾਂ ਦੀ ਜਗ੍ਹਾ ਉੱਪਰ ਦ੍ਰਖ਼ੁਾਂ'ਚ ਹੈ ਅਤੇ ਵ੍ਰਸ਼ੀ ਕਦੇ ਉੱਪਰ ਨਹੀਂ ਸੀ ਵੇਖਦੇ । ਇਸ ਲਈ ਐਸਾ ਕਦੇ ਕੋਈ ਮੌਕਾ ਨਹੀਂ ਆਇਆ ਜਦੋਂ ਬਾਂਦਰਾਂ ਅਤੇ ਜੰਗਲ ਦੇ ਲੋਕਾਂ ਦਾ ਰਸ੍ਤਾ ਇਕ ਹੋਇਆ ਹੋਵੇ ॥ ਪਰ ਜਦੋਂ ਕਦੇ ਓਨ੍ਹਾਂ ਨੂੰ ਇਕ ਬਿਮਾਰ ਬਘਿਆੜ ਕਦੇ ਇਕ ਜਖਮੀ ਚੀਤਾ ਜਾਂ ਰਿੱਛ ਮਿਲਿਆ । ਬਾਂਦਰਾਂ ਨੇ ਉਸ ਨੂੰ ਸਤਾਇਆ । ਅਤੇ ਉਸ'ਤੇ ਮੇਵੇ ਅਤੇ ਸੋਟ੍ਰੀਆਂ ਸਿਟ੍ਰ ਕੇ  ਖੁਸ਼ ਹੁੰਦੇ ਅਤੇ ਉੱਮੀਦ ਕਰਦੇ ਸੀ ਕਿ ਕੋਈ ਓਨ੍ਹਾਂ ਵੱਲ ਧਿਆਨ ਦੇਵੇਗਾ ॥ ਫੇਰ ਓਹ ਲੋਕੀਂ ਜੋਰ ਦੀਆਂ ਚੀਕਾਂ ਮਾਰਕੇ ਬੇਤੁਕੇ ਗਾਣੇ ਗਾਉਣ ਲਗ ਜਾਉਂਦੇ । ਅਤੇ ਜੰਗਲ ਦੇ ਲੋਕਾਂ ਨੂੰ ਨਿਓਤਾ ਦੇਂਦੇ ਕੇ ਦ੍ਰਖ਼ੁਾਂ ਉੱਪਰ ਚੜਕੇ ਓਨ੍ਹਾਂ ਨਾਲ ਲੜਨ । ਜਾਂ ਫੇਰ ਆਪਸ'ਚ ਹੀ ਬਿਨਾ ਕਿਸੀ ਗੱਲ ਦੇ ਲੜਨ ਲਗ ਜਾਉਂਦੇ । ਅਤੇ ਮਰੇ ਹੋਏ ਬਾਂਦਰਾਂ ਨੂੰ ਓਥੇ ਛੱਡ ਜਾਉਂਦੇ ਜਿੱਥੇ ਓਨ੍ਹਾਂ ਨੂੰ ਜੰਗਲ ਦੇ ਲੋਗ ਵੇਖ ਸਕਣ ॥ ਓਨ੍ਹਾਂ ਨੂੰ ਹਮੇਸ਼ਾਂ ਹੀ ਕਿਸੇ ਦੀ ਸਰਦਾਰੀ ਮਿਲਣ ਵਾਲੀ ਹੁੰਦੀ ਸੀ । ਅਤੇ ਨਾਲ ਹੀ ਓਨ੍ਹਾਂ ਦੇ ਕਨੂੰਨ'ਤੇ  ਰਿਵਾਇਤਾਂ । ਪਰ ਇਹ ਸਭ ਓਨ੍ਹਾਂ ਨੂੰ ਕਦੇ ਮਿਲਿਆ ਨਹੀਂ । ਕਿਓਂਕਿ ਓਨ੍ਹਾਂ ਦੀ ਯਾਦ੍ਦਾਸ਼੍ਤ ਨੇ ਕਦੇ ਓਨ੍ਹਾਂ ਦਾ ਸਾਥ ਨਹੀਂ ਦਿਤ੍ਤਾ । ਸੋ ਓਨ੍ਹਾਂ ਨੇ ਙ੍ਹਿਧਾ ਖਾਮਿਆਜਾ ਐਵੇਂ ਹੀ ਇਹ ਗੱਲਾਂ ਮਾਰਕੇ ਕੀਤ੍ਤਾ "ਜੋ ਬਾਂਦਰ ਲੋਗ ਹੁਣ ਸੋਚਦੇ ਨੇ ਜੰਗਲ ਵਾਲੇ ਓਹ ਬਾਦ'ਚੋਂ ਸੋਚਣਗੇ ।" ਅਤੇ ਇਹ ਓਨ੍ਹਾਂ ਨੂੰ ਬਹੁਤ ਦਿਲਾਸਾ  ਦੇਂਦਾ ॥ ਕੋਈ ਭੀ ਵ੍ਰਸ਼ੀ ਓਨ੍ਹਾਂ ਤਾਂਈ ਪਹੁੰਚ ਨਹੀਂ ਸੀ

ਸਕਦਾ । ਮਗਰ ਦੂਜੇ ਪਾਸੇ ਕੋਈ ਭੀ ਵ੍ਰਸ਼ੀ ਓਨ੍ਹਾਂ ਵੱਲ ਧਿਆਨ ਨਹੀਂ ਸੀ ਦੇਂਦਾ । ਅਤੇ ਇਸ ਲਈ ਓਹ ਬਹੁਤ ਖੁਸ਼ ਹੋਏ ਜਦੋਂ ਮੁਗਲੀ ਓਨ੍ਹਾਂ ਨਾਲ ਖੇਡਣ ਆਇਆ । ਅਤੇ ਓਨ੍ਹਾਂ ਨੂੰ ਪਤਾ ਚਲਿਆ ਕਿ ਭਾੱਲੂ ਕਿਨ੍ਹਾਂ ਨਰਾਜ ਸੀ ॥

A fresh shower came down on their heads and the two trotted away, taking Mowgli with them. What Baloo had said about the monkeys was perfectly true. They belonged to the tree-tops, and as beasts very seldom look up, there was no occasion for the monkeys and the Jungle-People to cross each other's path. But whenever they found a sick wolf, or a wounded tiger, or bear, the monkeys would torment him, and would throw sticks and nuts at any beast for fun and in the hope of being noticed. Then they would howl and shriek senseless songs, and invite the Jungle-People to climb up their trees and fight them, or would start furious battles over nothing among themselves, and leave the dead monkeys where the Jungle-People could see them. They were always just going to have a leader, and laws and customs of their own, but they never did, because their memories would not hold over from day to day, and so they compromised things by making up a saying, "What the Bandar-log think now the jungle will think later," and that comforted them a great deal. None of the beasts could reach them, but on the other hand none of the beasts would notice them, and that was why they were so pleased when Mowgli came to play with them, and they heard how angry Baloo was.

ਓਨ੍ਹਾਂ ਦਾ ਕਦੇ ਭੀ ਕੁਝ ਹੋਰ ਕਰਨ ਦਾ ਮਤਲਬ ਨਹੀਂ ਸੀ - ਬਾਂਦਰ ਲੋਕਾਂ ਦੀ ਕਿਸੇ ਭੀ ਗੱਲ ਦਾ ਕਦੇ ਕੋਈ ਮਤਲਬ ਨਹੀਂ ਹੁੰਦਾ ॥ ਪਰ ਇਕ ਬਾਂਦਰ ਨੂੰ ਇਕ ਫੁਰਨਾ ਫੁਰਿਆ । ਜੋ ਉਸ ਨੂੰ ਬਹੁਤ ਚੰਗਾ ਲਗ੍ਗਾ । ਅਤੇ ਓਨ੍ਹੇਂ ਬਾਕੀ ਸਾਰਿਆਂ ਨੂੰ ਦੱਸਿਆ ਕਿ ਮੁਗਲੀ ਨੂੰ ਕਬੀਲੇ'ਚ ਰਖਨਾ ਬੜਾ ਫਾਇਦੇਮੰਦ ਹੋ ਸਕਦਾ ਹੈ । ਕਿਓਂਕਿ ਓਹ ਤੇਜ ਹਵਾਂਵਾਂ'ਤੋ ਬਚਨ ਵਾਸ੍ਤੇ ਸੋਟ੍ਟਿਆਂ ਨੂੰ ਬੁੰਣ ਸਕਦਾ ਹੈ । ਸੋ । ਜੇਕਰ ਓਹ ਓਨ੍ਹੂ ਪਕੜ ਲੈਂਦੇ ਨੇ । ਓਹ  ਓਨ੍ਹੂ ਇਹ ਸਿਖਾਉਣ ਵਾਸ੍ਤੇ ਮਜਬੂਰ ਕਰ ਸਕਦੇ ਨੇ ॥ ਬੇਸ਼ਕ ਮੁਗਲੀ ਇਕ ਲਕੜਹਾਰੇ ਦਾ ਬਚ੍ਚਾ ਹੋਣ ਦੀ ਖਾਤਿਰ । ਕਾਫੀ ਸਾਰੇ ਹੁਨਰ ਓਨ੍ਹੂ ਵਿਰਾਸਤ'ਚ ਮਿਲੇ ਸੀ । ਅਤੇ ਓਹ ਹੇਠਾਂ ਡਿਗ੍ਗੀਆਂ ਹੋਈਆਂ ਟ੍ਹਾਣੀਆਂ ਦੀਆਂ ਛੋਟ੍ਟੀਆਂ ਛੋਟ੍ਟੀਆਂ ਝੁਗ੍ਗੀਆਂ ਬਨਾਇਆ ਕਰਦਾ ਸੀ ਬਿਨਾ ਇਸ ਗੱਲ ਦੇ ਸੋਚ੍ਚੇ ਕਿ ਇਹ ਓਹ ਇਹ ਕਿੰਝ ਕਰਦਾ ਸੀ ॥ ਬਾਂਦਰ ਲੋਗ । ਦੁਖ੍ਖਾਂ'ਚ ਵੇਖਦੇ ਸੀ । ਕਿ ਉਧਾ ਖੇਡ ਕਿਨ੍ਹਾ ਅਦਭੁਤ ਸੀ ॥ ਇਸ ਵਾਰ । ਓਨ੍ਹਾਂ ਨੇ ਕਿਹਾ । ਓਹ ਸਚ੍ਚੀਂ ਇਕ ਸਰਦਾਰ ਚਾਹੁੰਦੇ ਨੇ ਤੇ ਜੰਗਲ'ਚ ਸਭ ਤੋਂ ਸਮਝਦਾਰ ਜਾਨਵਰ ਬਣਨਾ ਚਾਹੁੰਦੇ ਨੇ - ਇਨ੍ਹੇ ਸਮਝਦਾਰ ਕੇ ਹਰ ਕੋਈ ਓਨ੍ਹਾਂ ਵੱਲ ਤਵੱਜੋ ਦੇਵੇ'ਤੇ ਓਨ੍ਹਾਂ ਤੋਂ ਈਰਖਾ ਕਰੇ ॥ ਇਸ ਲਈ ਓਹ ਭਾੱਲੂ ਬਘੀਰੇ ਤੇ ਮੁਗਲੀ ਦਾ ਚੁਪਚਾਪ ਪਿੱਛਾ ਕਰਦੇ ਰਹੇ ਜਦੋਂ ਤਕ ਕੇ ਦੁਪਹਿਰ ਦਾ ਸੌਣ ਦਾ ਸਮਾਂ ਨਹੀਂ ਹੋਇਆ । ਅਤੇ ਮੁਗਲੀ ਜਿੜ੍ਹਾ ਅਪਨੇ ਆਪ ਤੇ ਬਹੁਤ  ਸ਼ਰਮਿੰਦਾ ਸੀ । ਤੇਂਦੁਏ ਅਤੇ ਰਿਛ ਵਿਚਕਾਰ ਸੌਂ ਗਿਆ । ਅਤੇ ਕਸਮ ਖਾਦੀ ਕਿ ਹੁਣ ਤੋਂ ਬਾਦ ਉਧਾ ਬਾਂਦਰ ਲੋਕਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ ॥

They never meant to do any more—the Bandar-log never mean anything at all; but one of them invented what seemed to him a brilliant idea, and he told all the others that Mowgli would be a useful person to keep in the tribe, because he could weave sticks together for protection from the wind; so, if they caught him, they could make him teach them. Of course Mowgli, as a woodcutter's child, inherited all sorts of instincts, and used to make little huts of fallen branches without

thinking how he came to do it. The Monkey-People, watching in the trees, considered his play most wonderful. This time, they said, they were really going to have a leader and become the wisest people in the jungle—so wise that everyone else would notice and envy them. Therefore they followed Baloo and Bagheera and Mowgli through the jungle very quietly till it was time for the midday nap, and Mowgli, who was very much ashamed of himself, slept between the Panther and the Bear, resolving to have no more to do with the Monkey People.

ਅਗਲੀ ਗੱਲ ਜੋ ਓਨ੍ਹ ਯਾਦ ਆਈ ਓਹ ਇਹ ਸੀ ਕਿ ਓਨ੍ਹੇ ਮਹਿਸੂਸ ਕੀਤ੍ਤਾ ਕਿ ਕੋਈ ਉਧੀਆਂ ਲਤ੍ਤਾਂ'ਤੇ ਬ੍ਹਾਂਵਾਂ'ਤੇ ਜੋਰ ਜੋਰ ਦੀ ਹੱਥ ਫੇਰ ਰਿਹਾ ਸੀ - ਸਖ੍ਤ । ਮਜਬੂਤ । ਛੋਟ੍ਹੇ ਹੱਥ - ਅਤੇ ਫੇਰ ਦ੍ਰਖ੍ਤਾਂ ਦੀਆਂ ਟ੍ਹਾਣੀਆਂ ਉਧੇ ਮੂੰਹ'ਤੇ ਫਿਰੀਆਂ । ਅਤੇ ਓਹ ਟ੍ਹਾਣੀਆਂ'ਚੋਂ ਹੇਠਾਂ ਵੇਖਦਾ ਪਇਆ ਸੀ ਜਦੋਂ ਭਾੱਲੂ ਨੇ ਅਪਨੀ ਜੋਰ ਦੀ ਗਰਜ ਨਾਲ ਜੰਗਲ ਨੂੰ ਨੀਂਦ'ਚੋਂ ਉਠਾ ਦਿਤ੍ਤਾ ਅਤੇ ਬਘੀਰੇ ਨੇ ਤਨੇ ਨੂੰ ਅਪਨੇ ਹਰ ਦੰਦ ਨਾਲ ਘੁਟ੍ਹ ਕੇ ਫੜ੍ਹ ਲਿਆ ॥ ਬਾਂਦਰ ਲੋਕਾਂ ਨੇ ਅਪਨੀ ਜਿਤ੍ਤ ਦੀ ਖੁਸ਼ੀ'ਚ ਜੋਰ ਦੀਆਂ ਚੀਕਾਂ ਮਾਰੀਆਂ ਅਤੇ ਦ੍ਰਖ੍ਤਾਂ'ਚ ਉੱਪਰਲੀ ਟ੍ਹਾਂਣੀਆਂ'ਚ ਚੜ੍ਹ ਗਏ ਜਿੱਥੇ ਜਾਨ ਦੀ ਬਘੀਰਾ ਜੁਰ੍ਰਤ ਨਹੀ ਸੀ ਕਰ ਸਕਦਾ । ਅਤੇ ਚੀਕਣ ਲਗ੍ਹੇ : "ਓਨ੍ਹੇ ਸਾਨ੍ਹੂੰ ਵੇਖ ਲਿਆ ਹੈ ! ਬਘੀਰੇ ਨੇ ਸਾਨ੍ਹੂੰ ਵੇਖ ਲਿਆ ਹੈ ॥ ਜੰਗਲ ਦੇ ਸਾਰੇ ਲੋਗ ਸਾੱਢੇ ਹੁਨਰ'ਤੇ ਸਾਢੀ ਮੱਕਾਰੀ ਵਾਸ੍ਤੇ ਸਾਢੀ ਤਰੀਫ ਕਰਦੇ ਨੇ ॥" ਫੇਰ ਓਨ੍ਹਾਂ ਨੇ ਅਪਨੀ ਉਡਾਰੀ ਮਾਰਨੀ ਸ਼ੁਰੂ ਕੀਤ੍ਤੀ । ਅਤੇ ਬਾਂਦਰ ਲੋਕਾਂ ਦੀ ਉਡਾਰੀ ਦ੍ਰਖ੍ਤਾਂ ਦੀ ਧਰਤੀ'ਤੇ ਇਕ ਚੀਜ ਹੈ ਜਿੜ੍ਹੀ ਕੋਈ ਬਿਆਨ ਨਹੀਂ ਕਰ ਸਕਦਾ ॥ ਓਨ੍ਹਾਂ ਦੇ ਆਮ ਰਸ੍ਤੇ'ਤੇ ਚੌਂਕ ਨੇ । ਉੱਪਰ ਥੱਲੇ ਪੰਜਾਹ ਤੋਂ ਸਤ੍ਤਰ ਜਾਂ ਸੌ ਫੁਟ੍ਹ ਜਮੀਨ'ਤੋਂ ਉਚ੍ਹੇ ਅਤੇ ਜਰੂਰਤ ਪੈਣ'ਤੇ ਇਹ ਰਾਤ ਨੂੰ ਭੀ ਇਨ੍ਹਾਂ'ਤੇ ਸਫਰ ਕਰ ਸਕਦੇ ਨੇ ॥ ਦੋ ਤਗੜੇ ਬਾਂਦਰਾਂ ਨੇ ਮੁਗਲੀ ਨੂੰ ਬ੍ਹਾਂਵਾਂ'ਤੋਂ ਫੜ੍ਹ ਲਿਆ ਅਤੇ ਓਨ੍ਹ ਲੈ ਦ੍ਰਖ੍ਤਾਂ'ਚ ਛਾਲਾਂ ਮਾਰਨ ਲਗ ਪਏ । ਵੀਹ ਫੁਟ੍ਹ ਇਕ ਵਾਰ'ਚ ॥ ਜਿਹ ਕਿਧਰੇ ਓਹ ਕਲ੍ਹੇ ਹੁੰਦੇ ਤਾਂ ਓਹ ਇ੍ਹਧੇ'ਤੋਂ ਦੁਗਨੇ ਤੇਜ ਚਲੇ ਜਾਉਂਦੇ । ਪਰ ਮੁੰਡੇ ਦੇ ਵਜਨ ਨੇ ਓਨ੍ਹਾਂ ਨੂੰ ਹੌਲੇ ਕਰ ਦਿਤ੍ਤਾ ॥ ਬਿਮਾਰ'ਤੇ ਸਿਰ ਚਕਰਾਉਂਦਾ ਹੋਇਆ ਮੁਗਲੀ ਅਪਨੇ ਆਪ ਨੂੰ ਇਸ ਤੇਜ ਦੌੜ'ਤੋਂ ਖੁਸ਼ ਹੋਏ ਬਿਨਾ ਨਹੀਂ ਰਖ ਸਕਿਆ । ਭਾਵੇਂ ਹੇਠਾਂ ਧਰਤੀ ਦਾ ਨਜਾਰਾ ਓਨ੍ਹ ਡਰਾ ਰਿਹਾ ਸੀ। ਅਤੇ ਛਾਲ ਦੇ ਅਖੀਰ'ਚ ਜੋਰ ਦੇ ਝਟਕੇ ਉਧਾ ਦਿਲ ਮੂੰਹ'ਚ ਲਿਆਓਨ ਡਹੇ ਸੀ ॥ ਉਧਾ ਰਾਖਾ ਕਦੇ ਦ੍ਰਖ੍ਤ ਦੇ ਉੱਪਰ ਲੈ ਚੜਦਾ ਜਦ ਤਕ ਕਿ ਸਭ'ਤੋਂ ਉਚ੍ਹੀ ਪਤਲੀਆਂ ਟ੍ਹਾਣੀਆਂ ਓਨ੍ਹਾਂ ਦੇ ਵਜਨ ਹੇਠ ਮੁੜ ਤੁੜ ਕੇ ਕੜਕ ਨਹੀਂ ਜਾਉਂਦੀਆਂ । ਅਤੇ ਫੇਰ ਖੰਗ ਕੇ ਅਪਨੇ ਆਪ ਨੂੰ ਹਵਾ'ਚ ਅਗ੍ਹੇ'ਤੇ ਹੇਠਾਂ ਛਾਲ ਮਾਰਦੇ ਅਤੇ ਅਗਲੇ ਦ੍ਰਖ੍ਤ ਦੀਆਂ ਹੇਠਲੀਆਂ ਟ੍ਹਾਣੀਆਂ ਨੂੰ ਫੜ੍ਹ ਲੈਂਦੇ ॥ ਕਦੇ ਕਦੇ ਓਹ ਸ਼ਾਂਤ ਹਰਿਆ ਭਰਿਆ ਜੰਗਲ ਕਈ ਮੀਲਾਂ ਤਾਂਈ ਦੂਰ ਵੇਖ ਸਕਦਾ ਸੀ । ਜਿਵੇਂ ਇਕ ਆਦਮੀ ਜਹਾਜ'ਤੇ ਲੰਮੀ ਬੱਲੀ'ਤੇ ਚੜਕੇ ਕਈ ਮੀਲਾਂ ਦੂਰ ਤਕ ਸਮੁੰਦਰ ਵੇਖ ਸਕਦਾ ਹੈ । ਅਤੇ ਫੇਰ ਟ੍ਹਾਣੀਆਂ ਅਤੇ ਪਤ੍ਤੇ ਉਧੇ ਮੂੰਹ'ਤੇ ਚੰਡ ਮਾਰਦੇ । ਅਤੇ ਓਹ'ਤੇ ਉਧੇ ਦੋ ਰਾਖੇ ਫੇਰ ਜਮੀਨ'ਤੇ ਉਤਰ ਆਓਂਦੇ ॥ ਸੋ । ਨੱਠਦਾ ਫਿਰਦਾ ਤੋੜ ਭਨ੍ਨ ਕਰਦਾ ਖੋਂ ਖੋਂ ਕਰਦਾ'ਤੇ ਚੀਕਾਂ ਮਾਰਦਾ ਹੋਇਆ । ਪੂਰਾ ਬਾਂਦਰ ਲੋਕਾਂ ਦਾ ਕਬੀਲਾ ਅਪਨੇ ਕੈਦੀ  ਮੁਗਲੀ ਨੂੰ ਲੈਕੇ ਦ੍ਰਖ੍ਤੀ ਰਸ੍ਤੇ ਛਾਣਦਾ ਰਿਹਾ ॥

The next thing he remembered was feeling hands on his legs and arms—hard, strong, little hands—and then a swash of branches in his face, and then he was staring down through the swaying boughs as Baloo woke the jungle with his deep cries and Bagheera bounded up the trunk with every tooth bared. The Bandar-log howled with triumph and scuffled away to the upper branches where Bagheera dared not follow, shouting: "He has noticed us! Bagheera has noticed us. All the Jungle-People admire us for our skill and our cunning." Then they began their

flight; and the flight of the Monkey-People through tree-land is one of the things nobody can describe. They have their regular roads and crossroads, up hills and down hills, all laid out from fifty to seventy or a hundred feet above ground, and by these they can travel even at night if necessary. Two of the strongest monkeys caught Mowgli under the arms and swung off with him through the treetops, twenty feet at a bound. Had they been alone they could have gone twice as fast, but the boy's weight held them back. Sick and giddy as Mowgli was he could not help enjoying the wild rush, though the glimpses of earth far down below frightened him, and the terrible check and jerk at the end of the swing over nothing but empty air brought his heart between his teeth. His escort would rush him up a tree till he felt the thinnest topmost branches crackle and bend under them, and then with a cough and a whoop would fling themselves into the air outward and downward, and bring up, hanging by their hands or their feet to the lower limbs of the next tree. Sometimes he could see for miles and miles across the still green jungle, as a man on the top of a mast can see for miles across the sea, and then the branches and leaves would lash him across the face, and he and his two guards would be almost down to earth again. So, bounding and crashing and whooping and yelling, the whole tribe of Bandar-log swept along the tree-roads with Mowgli their prisoner.

ਕੁਝ ਵਕ੍ਤ ਵਾਸ੍ਤੇ ਓਨ੍ਹੂ ਡਰ ਸੀ ਕਿ ਓਨ੍ਹੂ ਕਿਤੇ ਹੇਠਾਂ ਨਾਂ ਸੁਟ੍ਟ ਦਿਤ੍ਤਾ ਜਾਵੇ ॥ ਫੇਰ ਓਨ੍ਹੂ ਗੁੱਸਾ ਆ ਗਿਆ ਪਰ ਓਨ੍ਹੂ ਪਤਾ ਸੀ ਕਿ ਹੱਥ ਪੈਰ ਮਾਰਨ ਨਾਲੋਂ ਚੰਗਾ ਕੁਝ ਹੋਰ ਸੀ । 'ਤੇ ਓਹ ਸੋਚ੍ਹਣ ਲਗ ਪਿਆ ॥ ਸਭ ਤੋਂ ਪਹਿਲਾਂ ਭਾੱਲੂ ਤੇ ਬਘੀਰੇ ਤਾਂਈ ਸੁਨੇਹਾ ਪਹੁੰਚਾਉਣਾ ਜਰੂਰੀ ਸੀ । ਕਿਓਂਕਿ । ਜਿਸ ਰਫ੍ਤਾਰ ਨਾਲ ਬਾਂਦਰ ਜਾ ਰਹੇ ਸੀ । ਓਨ੍ਹੂ ਪਤਾ ਸੀ ਕਿ ਓੁਧੇ ਦੋਸ੍ਤ ਬਹੁਤ ਪਿੱਛੇ ਛੁਟ ਜਾਣਗੇ ॥ ਥੱਲੇ ਵੇਖਨਾ ਫਿਜੂਲ ਸੀ । ਕਿਓਂਕਿ ਓਹ ਸਿਰਫ ਟ੍ਹਾਣੀਆਂ ਦਾ ਉੱਪਰੀ ਹਿੱਸਾ ਹੀ ਵੇਖ ਸਕਦਾ ਸੀ । ਸੋ ਓਨ੍ਹੇ ਦੂਰ ਨੀਲੇ ਅਸਮਾਨ ਵਲ ਵੇੱਖਿਆ । ਰਣ ਜੋ ਹੈ ਬਾਜ ਓਹ ਤਿਕੜਮਬਾਜੀ ਕਰ ਰਿਹਾ ਸੀ । ਜਦੋਂ ਕਿ ਓੁਧੀ ਨਿਗ੍ਹਾ ਜੰਗਲ'ਤੇ ਸੀ ਅਤੇ ਕੁਝ ਚੀਜਾਂ ਦੇ ਮਰਨ ਦਾ ਇੰਤਜਾਰ ਕਰ ਰਿਹਾ ਸੀ ॥ ਰਣ ਨੇ ਵੇੱਖਿਆ ਕਿ ਬਾਂਦਰ ਕੁਝ ਚੁੱਕੀ ਲਏ ਚੱਲੇ ਸੀ । ਅਤੇ ਕੁਝ ਸੌ'ਕੁ ਗਜ ਉੱਡ ਕੇ ਹੇਠਾਂ ਆ ਗਇਆ ਇਹ ਵੇਖਣ ਵਾਸ੍ਤੇ ਕਿ ਓਨ੍ਹਾਂ ਦਾ ਚੁੱਕਿਆ ਹੋਇਆ ਭਾਰ ਖਾਣ ਜੋਗਾ ਸੀ ਕਿ ਨਹੀਂ ॥ ਓਨ੍ਹੇ ਹੈਰਾਨ ਹੋਕੇ ਸੀਟੀ ਮਾਰੀ ਜਦੋਂ ਓਨ੍ਹੇ ਵੇੱਖਿਆ ਕਿ ਮੁਗਲੀ ਨੂੰ ਦ੍ਰਖ੍ਤਾਂ ਉਤ੍ਤੇ ਖਿਚ੍ਹਿਆ ਜਾ ਰਿਹਾ ਸੀ ਅਤੇ ਓਨ੍ਹੇ ਸੁਣਿਆ ਕਿ ਮੁਗਲੀ ਨੇ ਬਾਜਾਂ ਦੀ ਸਦ੍ਦ ਲਈ ਅਵਾਜ'ਚ ਬੋੱਲਿਆ ਕਿ "ਸਾੱਢੇ ਦੋਵਾਂ ਦਾ ਇਕ ਹੀ ਲਹੂ ਹੈ ਤੇਰਾ'ਤੇ ਮੇਰਾ ॥" ਟ੍ਹਾਣੀਆਂ ਦੀਆਂ ਲਹਿਰਾਂ ਮੁੰਡੇ ਦੇ ਨੇੜ੍ਹੇ ਆਨ ਪਇਆਂ । ਪਰ ਰਣ ਨੇ ਅਪਨੇ ਆਪ ਨੂੰ ਐਣ ਮੌਕੇ'ਤੇ ਅਗਲੇ ਦ੍ਰਖ੍ਤ'ਤੇ ਸੰਭਾਲਿਆ'ਤੇ ਇਕ ਛੋਟ੍ਹਾ ਭੂਰਾ ਮੂੰਹ ਫੇਰ ਉੱਪਰ ਆਓਂਦਾ ਹੋਇਆ ਵੇੱਖਿਆ ॥ "ਮੇਰੇ ਰਸ੍ਤੇ'ਤੇ ਨਿਸ਼ਾਨ ਲਗਾ ਦੇ !" ਮੁਗਲੀ ਚੀੱਕਿਆ ॥ "ਸਿਉਨੀ ਦਲ ਦੇ ਭਾੱਲੂ ਨੂੰ ਅਤੇ ਪੰਚਾਇਤੀ ਥੜ੍ਹੇ ਦੇ ਬਘੀਰੇ ਨੂੰ ਦੱਸੀਂ ॥"

For a time he was afraid of being dropped. Then he grew angry but knew better than to struggle, and then he began to think. The first thing was to send back word to Baloo and Bagheera, for, at the pace the monkeys were going, he knew his friends would be left far behind. It was useless to look down, for he could only see the topsides of the branches, so he stared upward and saw, far away in the blue,

Rann the Kite balancing and wheeling as he kept watch over the jungle waiting for things to die. Rann saw that the monkeys were carrying something, and dropped a few hundred yards to find out whether their load was good to eat. He whistled with surprise when he saw Mowgli being dragged up to a treetop and heard him give the Kite call for—"We be of one blood, thou and I." The waves of the branches closed over the boy, but Rann balanced away to the next tree in time to see the little brown face come up again. "Mark my trail!" Mowgli shouted. "Tell Baloo of the Seeonee Pack and Bagheera of the Council Rock."

"ਕ੍ਰਿਧੇ ਵੱਲੋਂ ਦੱਸਾਂ । ਭਰਾ ?" ਰਣ ਨੇ ਕਦੇ ਭੀ ਮੁਗਲੀ ਨੂੰ ਪਹਿਲਾਂ ਨਹੀਂ ਸੀ ਵੇੱਖਿਆ । ਪਰ ਉ੍ਧੇ ਬਾਰੇ ਸੁਣਿਆ ਜਰੂਰ ਸੀ ॥

"In whose name, Brother?" Rann had never seen Mowgli before, though of course he had heard of him.

"ਮੁਗਲੀ । ਜਿੜ੍ਹਾ ਹੈ ਡੱਡੂ ॥ ਆਦਮੀ ਦਾ ਬਲੂੰਗੜਾ ਮੈਨੂੰ ਆਖਦੇ ਨੇ ਮੈਨੂੰ ! ਮੇਰੇ ਰਸ੍ਤੇ'ਤੇ ਨਿਸ਼ਾਨ ਲਗਾ ਦੇ !"

"Mowgli, the Frog. Man-cub they call me! Mark my trail!"

ਆਖਰੀ ਸ਼ਬਦ ਚੀਕ ਮਾਰਕੇ ਬੋਲੇ ਗਏ ਸੀ ਜਦੋਂ ਓਨ੍ਹ ਹਵਾ'ਚ ਉਛਾੱਲਿਆ ਜਾ ਰਿਹਾ ਸੀ । ਪਰ ਰਣ ਨੇ ਹਾਮੀ ਭਰੀ ਅਤੇ ਉਚ੍ਚੀ ਉਡਾਰੀ ਮਾਰੀ ਜਦੋਂ ਤਕ ਕਿ ਓਹ ਇਕ ਮਿਟ੍ਰੀ ਦੇ ਕਣ ਬਰਾਬਰ ਨਜਰ ਆਓਣ ਲਗ ਪਿਆ । ਅਤੇ ਓਹ ਓੱਥੇ ਹੀ ਟਿਕਿਆ ਰਿਹਾ । ਅਪਨੀ ਦੂਰਬੀਨੀ ਅੱਖਾਂ ਨਾਲ ਦ੍ਰਖ੍ਤਾਂ ਦੇ ਹਿਲੋਰੇ ਵੇਖਦਾ ਰਿਹਾ ਜਦੋਂ ਮੁਗਲੀ ਦੇ ਰਾਖੇ ਦ੍ਰਖ੍ਤਾਂ'ਚ ਨ੍ਹੱਸਦੇ ਪਏ ਸੀ ॥

The last words were shrieked as he was being swung through the air, but Rann nodded and rose up till he looked no bigger than a speck of dust, and there he hung, watching with his telescope eyes the swaying of the treetops as Mowgli's escort whirled along.

"ਓਹ ਬਹੁਤਾ ਦੂਰ ਨਹੀਂ ਜਾਉਂਦੇ ।" ਹਾੱਸਾ ਦਬਾਓਂਦੇ ਹੋਏ ਓਨ੍ਹੇ ਕਿਹਾ ॥ "ਓਹ ਕਦੇ ਭੀ ਓਹ ਕੱਮ ਨਹੀਂ ਕਰਦੇ ਜ੍ਹਿਧੇ ਬਾਰੇ ਓਨ੍ਹਾਂ ਨੇ ਫੈਸਲਾ ਲਿਆ ਹੋਵੇ ॥ ਹਮੇਸ਼ਾ ਨਵੇਂ ਕੱਮਾਂ'ਚ ਟੰਗ ਅੜਾਉਨੀ ਹੀ ਕੱਮ ਹੈ ਬਾਂਦਰ ਲੋਕਾਂ ਦਾ ॥ ਇਸ ਵਾਰ।  ਜੇ ਮੇਰੀ ਕੋਈ ਨਿਗ੍ਹਾ ਠੀਕ ਹੈ ਤੇ । ਇਨ੍ਹਾਂ ਨੇ ਮੁਸੀਬਤ ਨੂੰ ਆਪੇ ਗਲੇ ਪਾਇਆ ਹੈ । ਕਿਓਂਕਿ ਭਾੱਲੂ ਕੋਈ ਅਨਾੜੀ ਨਹੀਂ ਅਤੇ ਬਘੀਰਾ । ਜਿਵੇਂ ਕਿ ਮੈਨੂੰ ਪਤਾ ਹੈ । ਬਕਰੀਆਂ'ਤੋਂ ਕੁਝ ਵੱਧ ਮਾਰ ਸਕਦਾ ਹੈ ॥"

"They never go far," he said with a chuckle. "They never do what they set out to do. Always pecking at new things are the Bandar-log. This time, if I have any eye-sight, they have pecked down trouble for themselves, for Baloo is no fledgling and Bagheera can, as I know, kill more than goats."

ਸੋ ਓਹ ਅਪਨੇ ਪੈਰ ਹੇਠਾਂ ਨੱਪ ਕੇ । ਅਪਨੇ ਖੰਭਾਂ'ਤੇ ਡੋਲਦਾ ਰਿਹਾ । ਅਤੇ ਇੰਤਜਾਰ ਕਰਦਾ ਰਿਹਾ ॥

So he rocked on his wings, his feet gathered up under him, and waited.

ਇਨ੍ਹੇ ਨੂੰ । ਭਾੱਲੂ ਅਤੇ ਬਘੀਰਾ ਗੁੱਸੇ ਨਾਲ ਪਾਗਲ ਹੋ ਰਹੇ ਸੀ ॥ ਬਘੀਰਾ ਇੰਝ ਚੜ੍ਹ ਗਿਆ ਜਿਵੇਂ ਕਦੇ ਭੀ ਨਹੀਂ ਸੀ ਚੜ੍ਹਿਆ । ਪਰ ਪਤਲੀਆਂ ਕਮਜੋਰ ਟ੍ਹਾਣੀਆਂ ਉਧੇ ਭਾਰ ਹੇਠ ਟੁਟ੍ ਗਇਆਂ । ਅਤੇ ਓਹ ਹੇਠਾਂ ਫਿਸਲ ਪਇਆ । 'ਤੇ ਉਧੇ ਪੰਜੇ ਦ੍ਰਖ੍ਤ ਦੀ ਛਲ ਨਾਲ ਭਰ ਗਏ ॥

Meantime, Baloo and Bagheera were furious with rage and grief. Bagheera climbed as he had never climbed before, but the thin branches broke beneath his weight, and he slipped down, his claws full of bark.

"ਤੂੰ ਆਦਮੀ ਦੇ ਬਲੂੰਗੜੇ ਨੂੰ ਖਬਰਦਾਰ ਕਿਓਂ ਨਹੀਂ ਕੀਤ੍ਤਾ ?" ਓਹ ਬਿਚਾਰੇ ਭਾੱਲੂ'ਤੇ ਗਰਜਿਆ । ਜੋ ਕਿ ਬੇਢੰਗੀ ਦੁੜਕੀ ਚਾਲ ਚਲ ਰਿਹਾ ਸੀ ਇਸ ਆਸ ਵਿਚ ਕਿ ਓਹ ਬਾਂਦਰਾਂ ਨੂੰ ਜਾ ਘੇਰੂਗਾ ॥ "ਓਨ੍ਹੂ ਘਸੁੱਨ ਮਾਰਕੇ ਅਧ ਮਰਿਆ ਕਰਨ ਦੀ ਕੀ ਲੋੜ ਸੀ ਜੇ ਤੂੰ ਓਨ੍ਹੂ ਖਬਰਦਾਰ ਨਹੀਂ ਕੀਤ੍ਤਾ ?"

"Why didst thou not warn the man-cub?" he roared to poor Baloo, who had set off at a clumsy trot in the hope of overtaking the monkeys. "What was the use of half slaying him with blows if thou didst not warn him?"

"ਛੇਤ੍ਤੀ ਕਰੋ ! ਛੇਤ੍ਤੀ ! ਅਸੀਂ - ਅਸੀਂ ਓਨ੍ਹਾਂ ਨੂੰ ਸ਼ਾਇਦ ਫੜ੍ਹ ਲਇਏ !" ਭਾੱਲੂ ਸਾਹੋ - ਵਿਸਾਹਾ ਹੋ ਕੇ ਬੋੱਲਿਆ ॥

"Haste! O haste! We—we may catch them yet!" Baloo panted.

"ਇਸ ਰਫ੍ਹਾਰ ਨਾਲ ! ਇਕ ਜਖਮੀ ਗਊ ਭੀ ਨਹੀਂ ਥੱਕੇਗੀ ॥ ਕਨੂੰਨ ਦੇ ਉਸਤਾਦ - ਬਲੂੰਗੜਿਆਂ ਨੂੰ ਕੁਟ੍ਹਣ ਵਾਲਿਆ - ਇਕ ਮੀਲ ਉਪੱਰ ਥੱਲੇ ਦੇ ਗੇੜੇ ਤੈਨੂੰ ਫਾੜ ਕੇ ਰੱਖ ਦੇਣਗੇ ॥ ਬੈਹ ਜਾ'ਤੇ ਸੋਚ ! ਇਕ ਮਨਸੂਬਾ ਬਨਾ ॥ ਇਹ ਸਮਾਂ ਪਿੱਛਾ ਕਰਨ ਦਾ ਨਹੀਂ ਹੈ ॥ ਜੇਕਰ ਅਸੀਂ ਬਹੁਤਾ ਨੇੜੇ ਚਲੇ ਗਏ'ਤੇ ਓਹ ਓਨ੍ਹੂ ਹੇਠਾਂ ਸੁਟ੍ਹ ਦੇਣਗੇ ॥"

"At that speed! It would not tire a wounded cow. Teacher of the Law—cub-beater—a mile of that rolling to and fro would burst thee open. Sit still and think! Make a plan. This is no time for chasing. They may drop him if we follow too close."

"ਓਹ ਹੋ ! ਓਨ੍ਹਾਂ ਨੇ ਉਸ ਨੂੰ ਹਾਲੇ ਤਾਂਈ ਸੁਟ੍ਹ ਭੀ ਦਿਤ੍ਤਾ ਹੋਣਾ । ਕਿਓਂਕਿ ਓਨ੍ਹੂ ਚੁੱਕ ਕੇ ਥੱਕ ਗਏ ਹੋਣੇ ॥ ਬਾਂਦਰ ਲੋਕਾਂ ਦਾ ਕੋਣ ਇਤਬਾਰ ਕਰ ਸਕਦਾ ਹੈ ? ਮਰੇ ਹੋਏ ਚੱਮਗਿਦ੍ਹੜ ਮੇਰੇ ਸਿਰ'ਤੇ ਰੱਖ ! ਮੈਨੂੰ ਕਾਲੀਆਂ ਹੱਡੀਆਂ ਖਾਣ ਨੂੰ ਦੇ ! ਮੈਨੂੰ ਜੰਗਲੀ ਸ਼ਹਿਦ ਦੀ ਮੱਖੀਆਂ ਦੇ ਮਖੀਲ'ਚ ਰੋਲ ਤਾਕਿ ਮੈਂ ਓਨ੍ਹਾਂ ਦੇ ਡੰਗ ਨਾਲ ਮਰ ਸਕਾਂ । ਅਤੇ ਮੈਨੂੰ ਲੱਕੜਬੱਘੇ ਨਾਲ ਦਫਨ ਕਰ ਦੇ ਕਿਓਂਕਿ ਮੈਂ ਸਭ ਤੋਂ ਜਿਆਦਾ ਮੰਦਭਾਗੀ ਰਿਛ ਹਾਂ ! ਓਹ ਹੋ ! ਮੁਗਲੀ । ਮੁਗਲੀ ! ਮੈਂ ਤੇਰਾ ਸਿਰ ਭਨੰਣ ਦੇ ਬਜਾਏ ਤੈਨੂੰ ਬਾਂਦਰ ਲੋਕਾਂ ਬਾਰੇ ਖਬਰਦਾਰ ਕਿਓਂ ਨਹੀਂ ਕੀਤ੍ਤਾ ? ਹੁਣ ਸ਼ਾਇਦ ਅਜ ਦਾ ਸਬਕ ਮੈਂ ਉਧੇ ਦਿਲੋ ਦਿਮਾਗ'ਚੋਂ ਕੱਢ ਦਿਤ੍ਤਾ ਹੋਣਾ । ਅਤੇ ਓਹ ਚੋਣਵੇਂ ਸ਼ਬਦਾਂ ਦੇ ਬਿਨਾ ਜੰਗਲ'ਚ ਕੱਲ੍ਹਾ ਹੋਣਾ ॥"

"Arrula! Whoo! They may have dropped him already, being tired of carrying him. Who can trust the Bandar-log? Put dead bats on my head! Give me black bones to eat! Roll me into the hives of the wild bees that I may be stung to death, and bury me with the Hyaena, for I am most miserable of bears! Arulala! Wahooa! O Mowgli, Mowgli! Why did I not warn thee against the Monkey-Folk instead of breaking thy head? Now perhaps I may have knocked the day's lesson out of his mind, and he will be alone in the jungle without the Master Words."

ਭਾੱਲੂ ਨੇ ਅਪਨੇ ਪੰਜੇ ਕੱਨਾਂ'ਤੇ ਰੱਖੇ ਅਤੇ ਲਿਟਕੇ ਸਿਸਕਣ ਲਗ ਪਿਆ ॥

Baloo clasped his paws over his ears and rolled to and fro moaning.

"ਘਟ੍ਹੋ ਘਟ੍ਹ ਓਨ੍ਹੇ ਮੈਨੂੰ ਸਾਰੇ ਸ਼ਬਦ ਕੁਝ ਸਮਾਂ ਪਹਿਲੇ ਠੀਕ ਠੀਕ ਦੱਸੇ ਸੀ" ਬਘੀਰੇ ਨੇ ਬੜੀ ਬੇਸਬਰੀ ਨਾਲ ਕਿਹਾ ॥ "ਭਾੱਲੂ ! ਨਾਂ ਤੂੰ ਕਿਸੇ ਦੀ ਇੱਜਤ ਕਰਦਾ ਹੈ ਨਾਂ ਹੀ ਤੇਰੀ ਕੋਈ ਯਾੱਦਾਸ੍ਤ ਹੈ ॥ ਜੰਗਲ ਕੀ ਸੋਚ੍ਹੇਗਾ ਜੇ ਮੈਂ। ਕਾਲਾ ਤੇਂਦੁਆ। ਇੱਕੀ ਸੇਹੇ ਵਾਂਗ ਕੁੰਡਲ ਮਾਰ ਲਵਾਂ। 'ਤੇ ਚਾਂਗਰਾਂ ਮਾਰਾਂ ?"

"At least he gave me all the Words correctly a little time ago," said Bagheera impatiently. "Baloo, thou hast neither memory nor respect. What would the jungle think if I, the Black Panther, curled myself up like Ikki the Porcupine, and howled?"

"ਮੈਨੂੰ ਕੀ ਪਰਵਾਹ ਕਿ ਸਾਰਾ ਜੰਗਲ ਕੀ ਸੋਚ੍ਹੁਗਾ ? ਓਹ ਸ਼ਾਇਦ ਹੁਣ ਤਕ ਮਰ ਚੁੱਕਾ ਹੋਣਾ ॥"

"What do I care what the jungle thinks? He may be dead by now."

"ਜਾਂ ਤੇ ਓਹ ਉਸ ਨੂੰ ਖੇਡ ਖੇਡ ਵਿਚ ਟ੍ਹਾਣੀਆਂ'ਤੋਂ ਹੇਠਾਂ ਨਾਂ ਸੁਟ੍ਹ ਦੇਣ। ਜਾਂ ਫੇਰ ਆਲਸ ਦੇ ਮਾਰੇ ਮਾਰ ਨਾਂ ਸੁਟ੍ਹਣ। ਮੈਨੂੰ ਆਦਮੀ ਦੇ ਬਲੂੰਗੜੇ'ਤੋਂ ਕੋਈ ਡਰ ਨਹੀਂ ਹੈ ॥ ਓਹ ਚੰਗਾ ਸਿੱਖਿਆ ਹੋਇਆ ਅਤੇ ਸਮਝਦਾਰ ਹੈ। ਅਤੇ ਸਭ ਤੋਂ ਵੱਢੀ ਗੱਲ ਇਹ ਕਿ ਉ੍ਹਧੇ ਕੋਲ ਓਹ ਅੱਖਾਂ ਨੇ ਜਿਹੜੀਆਂ ਸਾਰੇ ਜੰਗਲ ਦੇ ਲੋਕਾਂ ਨੂੰ ਡਰਾ ਦੇਂਦੀਆਂ ਨੇ ॥ ਮਗਰ(ਅਤੇ ਇਹ ਇਕ ਵੱਢੀ ਬਦੀ ਹੈ) ਓਹ ਬਾਂਦਰ ਲੋਕਾਂ ਦੇ ਅਸਰ ਹੇਠਾਂ ਹੈ। ਅਤੇ ਓਹ। ਕਿਉਂਕਿ ਦ੍ਰਖ਼ਤਾਂ'ਚ ਰਹਿੰਦੇ ਨੇ। ਸਾੱਢੇ ਲੋਕਾਂ ਦਾ ਕੋਈ ਡਰ ਨਹੀਂ ਕਰਦੇ ॥" ਬਘੀਰੇ ਨੇ ਅਪਨਾ ਅਗਲਾ ਪੰਜਾ ਬੜੀ ਸੋਚ ਵਿਚ ਪੈ ਕੇ ਚਟ੍ਹਿਆ ॥

"Unless and until they drop him from the branches in sport, or kill him out of idleness, I have no fear for the man-cub. He is wise and well taught, and above all he has the eyes that make the Jungle-People afraid. But (and it is a great evil) he is in the power of the Bandar-log, and they, because they live in trees, have no fear of any of our people." Bagheera licked one forepaw thoughtfully.

"ਮੂਰਖ ਹਾਂ ਮੈਂ ! ਓਹ। ਮੋਟ੍ਹਾ। ਭੂਰਾ। ਜੜ੍ਹਾਂ ਖੋਦਨ ਵਾਲਾ ਮੂਰਖ ਹਾਂ ਮੈਂ।" ਇਕ ਝਟਕੇ'ਚ ਸਿੱਧਾ ਹੋਕੇ। ਭਾੱਲੂ ਨੇ ਕਿਹਾ। "ਇਹ ਸਚ੍ਹ ਹੈ ਜੋ ਜੰਗਲੀ ਹਾਥੀ ਕਹਿੰਦਾ ਹੈ : 'ਹਰ ਕੋਈ ਕਿਸੇ ਇਕ ਚੀਜ'ਤੋਂ ਡਰਦਾ ਹੈ' ਅਤੇ ਓਹ। ਬਾਂਦਰ ਲੋਗ। 'ਕਾ' ਪੱਥਰਾਂ ਦੇ

ਸੱਪ'ਤੋਂ ਡਰਦੇ ਨੇ ॥ ਓਹ ਇਨ੍ਹੀ ਅਸਾਨੀ ਨਾਲ ਉੱਪਰ ਚੜ੍ਹ ਸਕਦਾ ਹੈ ਜਿਵੇਂ ਓਹ ਲੋੱਕੀ ॥ ਓਹ ਜਵਾਨ ਬਾਂਦਰਾਂ ਨੂੰ ਰਾਤ ਨੂੰ ਚੋਰੀ ਕਰ ਲੈਂਦਾ ਹੈ ॥ ਉਧਾ ਨਾਂਉ ਫੁਸਫੁਸਾਉਨ ਭਰ ਨਾਲ ਇਨ੍ਹਾਂ ਦੀ ਦੁਸ੍ਹ ਪੂਛ ਠੰਡੀ ਪੈ ਜਾਉਂਦੀ ਹੈ ॥ ਚਲੋ ਕਾ ਕੋਲ ਚੱਲਿਏ ॥"

"Fool that I am! Oh, fat, brown, root-digging fool that I am," said Baloo, uncoiling himself with a jerk, "it is true what Hathi the Wild Elephant says: ` To each his own fear'; and they, the Bandar-log, fear Kaa the Rock Snake. He can climb as well as they can. He steals the young monkeys in the night. The whisper of his name makes their wicked tails cold. Let us go to Kaa."

"ਓਹ ਸਾੱਢੇ ਵਾਸ੍ਤੇ ਕੀ ਕਰੇਗਾ ? ਓਹ ਸਾੱਢੇ ਕਬੀਲੇ ਦਾ ਨਹੀਂ ਹੈ । ਪੈਰਾਂ ਦੇ ਨਾਂ ਹੋਣ ਕਰਕੇ - ਅਤੇ ਸਭ ਤੋਂ ਮਨਹੂਸ ਅੱਖਾਂ ਵਾਲਾ ।" ਬਘੀਰੇ ਨੇ ਕਿਹਾ ॥

"What will he do for us? He is not of our tribe, being footless—and with most evil eyes," said Bagheera.

"ਓਹ ਬਹੁਤ ਬਜ਼ੁਰ੍ਗ ਹੈ ਅਤੇ ਬਹੁਤ ਮੱਕਾਰ ਹੈ ॥ ਸਭ ਤੋਂ ਵੱਧ । ਕਿ ਓਹ ਹਮੇਸ਼ਾ ਹੀ ਭੁੱਖਾ ਹੁੰਦਾ ਹੈ ।" ਭਾੱਲੂ ਨੇ ਬੜੀ ਉਮੀਦ ਨਾਲ ਬੋੱਲਿਆ ॥ "ਓਨ੍ਹੂ ਕਈ ਬਕਰੀਆਂ ਦਾ ਵਾਇਦਾ ਕਰ ॥"

"He is very old and very cunning. Above all, he is always hungry," said Baloo hopefully. "Promise him many goats."

"ਓਹ ਇਕ ਵਾਰ ਖਾਣ'ਤੋਂ ਬਾਦ ਪੂਰਾ ਇਕ ਮਹੀਨਾ ਸੌਂਦਾ ਹੈ ॥ ਓਹ ਸ਼ਾਇਦ ਸੌਂ ਰਿਹਾ ਹੋਵੇ । ਭਾਵੇਂ ਓਹ ਜਾਗ੍ਿਆ ਹੋਵੇ ਫੇਰ ਕੀ ਕਿ ਓਹ ਸਿਰਫ ਆਪ ਹੀ ਅਪਨੀਆਂ ਬਕਰੀਆਂ ਮਾਰੇ ?" ਬਘੀਰਾ । ਜੋ ਕਾ ਬਾਰੇ ਜਿਆਦਾ ਨਹੀਂ ਸੀ ਜਾਣਦਾ । ਕੁਦਰਤੀ ਸ਼ੱਕੀ ਸੀ ॥

"He sleeps for a full month after he has once eaten. He may be asleep now, and even were he awake what if he would rather kill his own goats?" Bagheera, who did not know much about Kaa, was naturally suspicious.

"ਤਾਂ ਫੇਰ । ਤੂੰ ਅਤੇ ਮੈਂ ਕੱਠੇ । ਪੁਰਾਣੇ ਸ਼ਿਕਾਰੀ । ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ ॥" ਇੱਥੇ ਭਾੱਲੂ ਨੇ ਅਪਨਾ ਭੂਰਾ ਮੋਢਾ ਜ੍ਿਧਾ ਰੰਗ ਉਡ ਚੁੱਕਾ ਸੀ । ਤੇਂਦੁਏ ਨਾਲ ਰ੍ਗੜਿਆ । ਅਤੇ ਓਹ ਚੱਲ ਪਏ ਕਾ ਪੱਥਰਾਂ ਦੇ ਅਜਗਰ ਦੀ ਤਲਾਸ਼'ਚ ॥

"Then in that case, thou and I together, old hunter, might make him see reason." Here Baloo rubbed his faded brown shoulder against the Panther, and they went off to look for Kaa the Rock Python.

ਓਨ੍ਹਾਂ ਨੂੰ ਓਹ ਇਕ ਤਤ੍ਤੇ ਤਨੇਂ'ਤੇ ਲੰਮਾ ਪਿਆ ਦੁਪਹਿਰ ਦੀ ਧੁੱਪ ਸੇਕਦਾ ਹੋਇਆ ਮਿਲਿਆ । ਓਹ ਅਪਨੀ ਸੋਹਣੀ ਨਵੀਂ ਖੱਲ ਨੂੰ ਨਿਹਾਰ ਰਿਹਾ ਸੀ । ਕਿਓਂਕਿ ਪਿਛਲੇ ਦੱਸ ਦਿਨਾਂ'ਤੋਂ ਓਹ ਅਪਨੀ ਪੁਰਾਣੀ ਚਮੜੀ ਲਾਹੁਣ'ਤੋਂ ਬਾਦ ਅਰਾਮ ਫਰਮਾ ਰਿਹਾ ਸੀ ।

ਅਤੇ ਹੁਣ ਓਹ ਬਹੁਤ ਸ਼ਾਨਦਾਰ ਸੀ- ਅਪਨਾ ਵੱਢਾ ਫੀਨੇ ਨੱਕ ਵਰਗਾ ਸਿਰ ਜਮੀਨ'ਤੇ ਤੇਜੀ ਨਾਲ ਮਾਰ ਰਿਹਾ ਸੀ। ਅਤੇ ਅਪਨਾ ਤੀਹ ਫੁਟ੍ਹਾ ਸ਼ਰੀਰ ਮਰੋੜ ਕੇ ਗੰਢਾਂ ਪਾ ਅਤੇ ਟੇਢਾ ਵੀਂਗਾ ਕਰ ਰਿਹਾ ਸੀ। ਅਤੇ ਅਪਨੇ ਆਓਣ ਵਾਲੇ ਰਾਤ ਦੇ ਭੋਜਨ ਦਾ ਖਿਆਲ ਕਰਕੇ ਅਪਨੇ ਬੁੱਲ ਚਟ੍ਹ ਰਿਹਾ ਸੀ ॥

They found him stretched out on a warm ledge in the afternoon sun, admiring his beautiful new coat, for he had been in retirement for the last ten days changing his skin, and now he was very splendid—darting his big blunt-nosed head along the ground, and twisting the thirty feet of his body into fantastic knots and curves, and licking his lips as he thought of his dinner to come.

"ਇਨ੍ਹੇ ਖਾਧਾ ਨਹੀਂ ਹੈ।" ਅਪਨੀ ਖੁਸ਼ੀ ਜਾਹਿਰ ਕਰਦੇ ਹੋਏ ਭਾੱਲੂ ਬੋੱਲਿਆ। ਜਦੋਂ ਹੀ ਓਨ੍ਹੇ ਸੋਹਣੀ ਚਿਤਕਬਰੀ ਭੂਰੀ'ਤੇ ਪੀਲੀ ਚਮੜੀ ਵੇਖੀ ॥ "ਖਬਰਦਾਰ ਰਹੀਂ। ਬਘੀਰਿਆ! ਇਨ੍ਹੂ ਦਿਸਨਾ ਥੋੜਾ ਘਟ੍ਹ ਹੋ ਜਾਉਂਦਾ ਹੈ। ਜਦੋਂ ਭੀ ਇਹ ਅਪਨੀ ਖੱਲ ਲਾਹੁਦਾਂ ਹੈ। ਅਤੇ ਬੜੀ ਫੁਰਤੀ ਨਾਲ ਵਾਰ ਕਰਦਾ ਹੈ ॥"

"He has not eaten," said Baloo, with a grunt of relief, as soon as he saw the beautifully mottled brown and yellow jacket. "Be careful, Bagheera! He is always a little blind after he has changed his skin, and very quick to strike."

ਕਾ ਇਕ ਜਹਰੀਲਾ ਸੱਪ ਨਹੀਂ ਸੀ - ਸਚ੍ਹਾਈ ਇਹ ਹੈ ਕਿ ਓਹ ਜਹਰੀਲੇ ਸੱਪਾਂ'ਤੋਂ ਨਫਰਤ ਕਰਦਾ ਸੀ। ਅਤੇ ਓਨ੍ਹਾਂ ਨੂੰ ਬੁਜਦਿਲ ਕਹਿੰਦਾ ਸੀ - ਮਗਰ ਉਧੀ ਤਾਕਤ ਘੁਟ੍ਹਣ ਵਿਚ ਸੀ। ਅਤੇ ਜਦੋਂ ਇਕ ਵਾਰ ਓਨ੍ਹੇਂ ਕਿਸੇ ਨੂੰ ਘੁਟ੍ਹ ਲਿਆ ਹੋਵੇ ਤੇ ਫੇਰ ਕਹਿਨ ਵਾਸ੍ਤੇ ਹੋਰ ਕੁਝ ਭੀ ਨਹੀਂ ਰਹਿੰਦਾ ਸੀ ॥ "ਵਧੀਆ ਸ਼ਿਕਾਰ ਹੋਵੇ!" ਭਾੱਲੂ ਅਪਨੇ ਪੁੱਠਾਂ'ਤੇ ਬੈਠਦੇ ਹੋਏ ਚੀਕਿਆ ॥ ਅਪਨੇ ਕਿਸਮ ਦੇ ਬਾਕੀ ਸੱਪਾਂ ਵਾਂਗ ਕਾ ਭੀ ਬੋਲਾ ਸੀ। ਅਤੇ ਪਹਿਲਾਂ ਸਦ੍ਹੂ ਲਈ ਲਗਾਈ ਅਵਾਜ ਨੂੰ ਨਹੀਂ ਸੁਣਿਆ ॥ ਫੇਰ ਓਨ੍ਹੇ ਸਿਰ ਨੀਵਾਂ ਕਰਕੇ ਕੁੰਡਲੀ ਮਾਰ ਲਈ। ਅਤੇ ਕਿਸੇ ਭੀ ਹਾਦਸੇ ਵਾਸ੍ਤੇ ਤਿਆਰ ਹੋ ਗਿਆ ॥

Kaa was not a poison snake—in fact he rather despised the poison snakes as cowards—but his strength lay in his hug, and when he had once lapped his huge coils round anybody there was no more to be said. "Good hunting!" cried Baloo, sitting up on his haunches. Like all snakes of his breed Kaa was rather deaf, and did not hear the call at first. Then he curled up ready for any accident, his head lowered.

"ਸਾੱਢੇ ਸਭ ਦਾ ਵਧੀਆ ਸ਼ਿਕਾਰ ਹੋਵੇ।" ਓਨ੍ਹੇ ਜਵਾਬ ਦਿਤ੍ਹਾ ॥ "ਉਏ। ਭਾੱਲੂ। ਤੂੰ ਇੱਥੇ ਕੀ ਕਰ ਰਿਹਾ ਹੈਂ? ਵਧੀਆ ਸ਼ਿਕਾਰ ਹੋਵੇ। ਬਘੀਰੇ ॥ ਸਾਨ੍ਹੂੰ ਘਟ੍ਹੋ ਘਟ੍ਹ ਇਕ ਨੂੰ ਭੋਜਨ ਚਾਹਿਦਾ ਹੈ ॥ ਕਿਸੇ ਸ਼ਿਕਾਰ ਦੀ ਕੋਈ ਖਬਰ ਹੈ? ਇਕ ਹਿਰਣੀ ਹੁਣੇ। ਜਾਂ ਫੇਰ ਇਕ ਜਵਾਨ ਹਿਰਣ ਹੀ ਸਹੀ? ਮੈਂ ਇਨ੍ਹਾਂ ਖਾੱਲੀ ਹਾਂ ਜਿਨ੍ਹਾਂ ਕਿ ਇਕ ਸੁੱਕਿਆ ਹੋਇਆ ਖੂਹ ॥"

"Good hunting for us all," he answered. "Oho, Baloo, what dost thou do here? Good hunting, Bagheera. One of us at least needs food. Is there any news of game afoot?

A doe now, or even a young buck? I am as empty as a dried well."

"ਅਸੀਂ ਸ਼ਿਕਾਰ ਕਰ ਰਹੇ ਹਾਂ ।" ਭਾੱਲੂ ਨੇ ਬੇਪਰਵਾਹੀ ਨਾਲ ਬੋੱਲਿਆ ॥ ਓਨ੍ਹ ਪਤਾ ਸੀ ਕਿ ਤੈਨੂੰ ਛੇਤ੍ਰੀ ਨਹੀਂ ਕਰਨੀ ਚਾਹਿਦੀ ਕਾ ॥ ਓਹ ਬਹੁਤ ਵੱਢਾ ਹੈ ॥

"We are hunting," said Baloo carelessly. He knew that you must not hurry Kaa. He is too big.

"ਮੈਨੂੰ ਅਪਨੇ ਨਾਲ ਆਓਣ ਦੀ ਇਜਾਜ਼ਤ ਦੇਓ ।" ਕਾ ਬੋੱਲਿਆ ॥ "ਇਕ ਘਸੁੱਨ ਘਟ੍ਟ ਜਾਂ ਵੱਧ ਤੁਹਾਡੇ ਲਈ ਕੁਝ ਭੀ ਨਹੀਂ । ਬਘੀਰੇ ਜਾਂ ਭਾੱਲੂ । ਪਰ ਮੈਂਨੂੰ - ਮੈਂਨੂੰ ਇੰਤਜਾਰ ਹੀ ਇੰਤਜਾਰ ਕਈ ਦਿਨਾਂ ਵਾਸ੍ਤੇ ਲੱਕੜ ਦੇ ਰਸ੍ਤੇ'ਚ ਕਰਨਾ ਪੈਂਦਾ ਹੈ ਅਤੇ ਅੱਧੀ ਰਾਤ ਤਾਂਈ ਚੜ੍ਹਨਾ ਪੈਂਦਾ ਹੈ ਸਿਰਫ ਇਕ ਨਿੱਕੇ ਜਿਹੇ ਬਾਂਦਰ ਦੇ ਮਿਲਨ ਦੀ ਉਮੀਦ'ਚ ॥ ਪੱਸ਼ਾ ! ਟ੍ਹਾਣੀਆਂ ਓਹ ਨਹੀਂ ਰਹੀਆਂ ਜਦੋਂ ਮੈਂ ਜਵਾਨ ਸੀ ॥ ਸੜੀਆਂ ਸੋਟ੍ਹੀਆਂ ਅਤੇ ਸੁੱਕੀਆਂ ਟ੍ਹਾਣੀਆਂ ਨੇ ਸਾਰੀਆਂ ॥"

"Give me permission to come with you," said Kaa. "A blow more or less is nothing to thee, Bagheera or Baloo, but I—I have to wait and wait for days in a wood-path and climb half a night on the mere chance of a young ape. Psshaw! The branches are not what they were when I was young. Rotten twigs and dry boughs are they all."

"ਸ਼ਾਇਦ ਤੇਰੇ ਬਹੁਤੇ ਵਜਨ ਦਾ ਇਸ ਗੱਲ ਨਾਲ ਕੁਝ ਤਾਲੁੱਕ ਹੈ ।" ਭਾੱਲੂ ਬੋੱਲਿਆ ॥

"Maybe thy great weight has something to do with the matter," said Baloo.

"ਓਹ ਮੇਰੀ ਲੰਬਾਈ ਠੀਕ ਠਾਕ ਹੈ - ਠੀਕ ਠਾਕ ਹੈ ।" ਕਾ ਨੇ ਥੋੜ੍ਹੇ ਗੁਰੂਰ ਨਾਲ ਬੋਲਿਆ ॥ ਮਗਰ ਇਹ ਸੱਭ ਲਈ । ਇਸ ਨਵੀਂ ਉਗ੍ਹੀ ਹੋਈ ਲੱਕੜ ਦਾ ਕਸੂਰ ਹੈ ॥ ਮੈ ਪਿਛਲੇ ਸ਼ਿਕਾਰ ਦੇ ਦੌਰਾਨ ਡਿਗਦਾ ਡਿਗਦਾ ਬਚਿਆ - ਮੇਰੇ ਫਿਸਲਣ ਦੀ ਅਵਾਜ ਨੇ ਕਿਓਂਕਿ ਮੇਰੀ ਪੂਛ ਨੇ ਦ੍ਰਖ੍ਤ ਨੂੰ ਘੁਟ੍ਟ ਕੇ ਫੜਿਆ ਨਹੀਂ ਸੀ । ਬਾਂਦਰ ਲੋਕਾਂ ਨੂੰ ਉਠਾ ਦਿਤ੍ਤਾ । ਅਤੇ ਓਨ੍ਹਾਂ ਨੇ ਮੈਨੂੰ ਬਹੁਤ ਭੈੜੇ ਨਾਉਂਆਂ ਨਾਲ ਬੁਲਾਇਆ ॥"

"I am a fair length—a fair length," said Kaa with a little pride. "But for all that, it is the fault of this new-grown timber. I came very near to falling on my last hunt—very near indeed—and the noise of my slipping, for my tail was not tight wrapped around the tree, waked the Bandar-log, and they called me most evil names."

"ਬਿਨਾਂ ਪੈਰਾਂ ਵਾਲਾ । ਪੀਲਾ ਗਡੋਇਆ ।" ਬਘੀਰੇ ਨੇ ਅਪਨੀਆਂ ਮੁੱਛਾਂ ਹੇਠ ਕਿਹਾ । ਜਿਵੇਂ ਕਿ ਕੁਝ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ ॥

"Footless, yellow earth-worm," said Bagheera under his whiskers, as though he were trying to remember something.

"ਸ ਸ ਸ ! ਓਨ੍ਹਾਂ ਨੇ ਮੈਨੂੰ ਕਦੇ ਇਹ ਕਿਹ ਕੇ ਬੁਲਾਇਆ ਹੈ ?" ਕਾ ਨੇ ਕਿਹਾ ॥

"Sssss! Have they ever called me that?" said Kaa.

"ਕੁਝ ਇੰਝ ਹੀ ਸਾਨੂੰ ਕਹਿਆ ਸੀ ਪਿਛਲੀ ਪੂਰਨਮਾਸੀ ਨੂੰ । ਮਗਰ ਅਸੀਂ ਗੌਰ ਨਹੀਂ ਕੀਤ੍ਰਾ ॥ ਓਹ ਕੁਝ ਭੀ ਕਹਿਣਗੇ - ਭਾਂਵੇ ਤੇਰੇ ਪੂਰੇ ਦੰਦ ਟੁਟ੍ਰ ਜਾਣ । ਅਤੇ ਤੈਨੂੰ ਇਕ ਬਚ੍ਹੇ'ਤੋਂ ਵੱਧ ਨਾਲ ਵਾਹ ਨਹੀਂ ਪੈਣਾ । ਕਿਓਂਕਿ(ਓਹ ਬੇਸ਼ਕ ਬੇਸ਼ਰਮ ਲੋਗ ਹਣ । ਇਹ ਬਾਂਦਰ ਲੋਗ) - ਕਿਓਂਕਿ ਤੈਨੂੰ ਬਕਰੇ ਦੇ ਸਿੰਙਾਂ' ਤੋਂ ਡਰ ਲਗਦਾ ਹੈ । ਬਘੀਰਾ ਬੜੀ ਮਿਠਾਸ ਨਾਲ ਬੋਲਦਾ ਰਿਹਾ ॥

"Something of that kind it was that they shouted to us last moon, but we never noticed them. They will say anything—even that thou hast lost all thy teeth, and wilt not face anything bigger than a kid, because (they are indeed shameless, these Bandar-log)—because thou art afraid of the he-goat's horns," Bagheera went on sweetly.

ਹੁਣ ਇਕ ਸੱਪ । ਖਾਸ ਕਰ ਕੇ ਕਾ ਵਰਗਾ ਚਤਰ ਬੁੱਢਾ ਅਜਗਰ । ਕਦੇ ਕਦੇ ਹੀ ਜਾਹਿਰ ਕਰਦਾ ਹੈ ਕਿ ਓਹ ਗੁੱਸਾਇਆ ਹੋਇਆ ਹੈ । ਪਰ ਭਾੱਲੂ ਅਤੇ ਬਘੀਰਾ ਕਾ ਦੇ ਗਲੇ ਦੇ ਦੋਂਵੇ ਪਾਸੇ ਵਢੀਆਂ ਨਿਗਲਣ ਵਾਲੀਆਂ ਮਾਸ ਪੇਸ਼ੀਆਂ ਨੂੰ ਫੜਕਦੇ'ਤੇ ਵੱਢਾ ਹੁੰਦੇ ਹੋਏ ਵੇਖ ਸਕਦੇ ਸੀ ॥

Now a snake, especially a wary old python like Kaa, very seldom shows that he is angry, but Baloo and Bagheera could see the big swallowing muscles on either side of Kaa's throat ripple and bulge.

"ਬਾਂਦਰ ਲੋਕਾਂ ਨੇ ਅਪਨੀ ਜਗ੍ਹਾ ਬਦਲ ਲਈ ਹੈ ।" ਓਨ੍ਹੇ ਹੋਲੇ ਜਿਹੇ ਬੋੱਲਿਆ ॥ "ਜਦੋਂ ਮੈ ਸੂਰਜ ਹੇਠ ਬਾਹਰ ਨਿੱਕਲਿਆ ਮੈਂ ਓਨ੍ਹਾਂ ਨੂੰ ਦ੍ਰਖ਼ਤਾਂ ਉਤ੍ਤੇ ਚਾਂਗਰਾਂ ਮਾਰਦੇ ਹੋਏ ਸੁਣਿਆ ॥"

"The Bandar-log have shifted their grounds," he said quietly. "When I came up into the sun today I heard them whooping among the tree-tops."

"ਅਸੀਂ - ਅਸੀਂ ਬਾਂਦਰ ਲੋਕਾਂ ਦਾ ਪਿੱਛਾ ਕਰ ਰਹੇ ਹਾਂ ਹੁਣ ।" ਭਾੱਲੂ ਬੋੱਲਿਆ । ਪਰ ਲਫਜ ਉ੍ਹਧੇ ਗਲੇ'ਚ ਅਟਕ ਗਏ । ਕਿਓਂਕਿ ਇਹ ਉ੍ਹਧੀ ਯਾਦ'ਚ ਪਹਿਲਾ ਸਮਾਂ ਸੀ ਜਦੋਂ ਜੰਗਲ ਦੇ ਲੋਕਾਂ'ਚੋਂ ਕੋਈ ਬਾਂਦਰਾਂ ਦੀ ਕਿਸੇ ਗੱਲ ਬਾਰੇ ਦਿਲਚਸ੍ਪੀ ਵਿਖਾ ਰਿਹਾ ਸੀ ॥

"It—it is the Bandar-log that we follow now," said Baloo, but the words stuck in his throat, for that was the first time in his memory that one of the Jungle-People had owned to being interested in the doings of the monkeys.

"ਬਿਨਾ ਕਿਸੇ ਸ਼ਕ ਦੀ ਗੁੰਜਾਇਸ਼ ਦੇ ਇਹ ਕੋਈ ਛੋਟ੍ਰੀ ਗੱਲ ਨਹੀਂ ਬਾਂਦਰ ਲੋਕਾਂ ਦਾ ਪਿੱਛਾ ਕਰਨਾ ਦੋ ਇਸ ਤਰ੍ਹਾਂ ਦੇ ਸ਼ਿਕਾਰੀ -

ਸਰਦਾਰਾਂ ਦਾ ਅਪਨੇ ਜੰਗਲ'ਚ। ਮੈਂ ਪੂਰੇ ਦਾਵੇ ਨਾਲ ਕਿਹ ਸਕਦਾ ਹਾਂ - ਕਿ ਮੈਂ ਬਾਂਦਰ ਲੋਕਾਂ ਦਾ ਪਿੱਛਾ ਠੀਕ ਕਰ ਰਿਹਾ ਹਾਂ।" ਕਾ ਨੇ ਬੜੇ ਇੱਜ਼ਤ ਨਾਲ ਬੋਲਿਆ। ਜਿਵੇਂ ਓਹ ਜਿਗਿਆਸਾ ਨਾਲ ਫੁੱਲਿਆ॥

"Beyond doubt then it is no small thing that takes two such hunters—leaders in their own jungle I am certain—on the trail of the Bandar-log," Kaa replied courteously, as he swelled with curiosity.

"ਬੇਸ਼ਕ।" ਭਾਲੂ ਸ਼ੁਰੂ ਹੋਇਆ। "ਮੈਂ ਇਕ ਬੁਜ਼ੁਰਗ ਅਤੇ ਸਿਉਨੀ ਦੇ ਬਘਿਆੜਾਂ ਦੇ ਦਲ ਦੇ ਬਲੂੰਗੜਿਆਂ ਦਾ ਕਨੂੰਨ ਦਾ ਕਦੇ ਕਦੇ ਬੜਾ ਮੂਰਖ ਉਸਤਾਦ ਹੋਣ'ਤੋਂ ਸਿਵਾ ਕੁਝ ਨਹੀਂ ਹਾਂ। ਅਤੇ ਬਘੀਰਾ ਇੱਥੇ -"

"Indeed," Baloo began, "I am no more than the old and sometimes very foolish Teacher of the Law to the Seeonee wolf-cubs, and Bagheera here—"

"ਬਘੀਰਾ ਹੈ।" ਕਾਲੇ ਤੇਂਦੁਏ ਨੇ ਕਿਹਾ। ਅਤੇ ਉਧਾ ਜਬਾੜਾ ਝਟ੍ਟ ਬੰਦ ਹੋ ਗਿਆ ਕਿਓਂਕਿ ਉਸ ਨੂੰ ਹਲੀਮੀ ਨਹੀਂ ਆਓਂਦੀ ਸੀ॥ "ਮੁਸੀਬਤ ਇਹ ਹੈ। ਕਾ॥ ਓਹ ਮੇਵੇ ਚੋਰੀ ਕਰਨ ਵਾਲੇ ਅਤੇ ਤਾੜਾਂ ਦੇ ਪਤ੍ਤੇ ਚੋਰਾਂ ਨੇ ਸਾੱਢਾ ਆਦਮੀ ਦਾ ਬਲੂੰਗੜਾ ਸ਼ਾਇਦ ਜਿਸ ਬਾਰੇ ਤੂੰ ਸੁਣਿਆ ਹੀ ਹੋਣਾ। ਚੋਰੀ ਕਰ ਲਿਆ ਹੈ॥"

"Is Bagheera," said the Black Panther, and his jaws shut with a snap, for he did not believe in being humble. "The trouble is this, Kaa. Those nut-stealers and pickers of palm leaves have stolen away our man-cub of whom thou hast perhaps heard."

"ਮੈਂ ਇੱਕੀ ਕੋਲੋਂ ਕੁਝ ਖਬਰ ਸੁਣੀ ਸੀ(ਉਧੇ ਕੰਡੇ ਓਨ੍ਹੂ ਢੀਠ ਬਨਾ ਦਿੰਦੇ ਨੇ) ਕਿ ਕਿਸੇ ਆਦਮੀ - ਜਿਹੀ - ਚੀਜ ਨੂੰ ਬਘਿਆੜਾਂ ਦੇ ਦਲ'ਚ ਸ਼ਾਮਿਲ ਕੀਤ੍ਤਾ ਗਿਆ ਹੈ। ਪਰ ਮੈਂ ਯਕੀਨ ਨਹੀਂ ਕੀਤ੍ਤਾ॥ ਇੱਕੀ ਸੁਣੀਆਂ ਸੁਣਾਈਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ॥"

"I heard some news from Ikki (his quills make him presumptuous) of a man-thing that was entered into a wolf pack, but I did not believe. Ikki is full of stories half heard and very badly told."

"ਮਗਰ ਇਹ ਸਚ੍ਚ ਹੈ॥ ਓਹ ਇਸ ਤਰ੍ਹਾਂ ਦਾ ਆਦਮੀ ਦਾ ਬਲੂੰਗੜਾ ਹੈ ਜਿਵੇਂ ਓਹ ਕਦੇ ਭੀ ਨਹੀਂ ਸੀ।" ਭਾੱਲੂ ਨੇ ਕਿਹਾ॥ "ਆਦਮੀ ਦੇ ਬਲੂੰਗੜਿਆਂ'ਚੋਂ ਸਭ ਤੋਂ ਵਧੀਆ'ਤੇ ਸਭ ਤੋਂ ਬਹਾਦਰ - ਮੇਰਾ ਅਪਨਾ ਸਿਖ। ਜਿੜ੍ਹਾ ਭਾੱਲੂ ਦਾ ਨਾਂਉ ਸਾਰੇ ਜੰਗਲਾਂ'ਚ ਮਸ਼ਹੂਰ ਕਰ ਦੇਵੇਗਾ॥ ਅਤੇ ਨਾਲ ਹੀ। ਮੈਂ - ਅਸੀਂ - ਓਨ੍ਹੂ ਪਿਆਰ ਕਰਦੇ ਹਾਂ। ਕਾ॥"

"But it is true. He is such a man-cub as never was," said Baloo. "The best and wisest and boldest of man-cubs—my own pupil, who shall make the name of Baloo famous through all the jungles; and besides, I—we—love him, Kaa."

"ਸ਼ਤੂ ! ਸ਼ਤੂ !" ਕਾ ਨੇ । ਅਪਨਾ ਸਿਰ ਹਿਲਾਉਂਦੇ ਹੋਏ ਕਿਹਾ ॥ "ਮੈਨੂੰ ਭੀ ਪਤਾ ਹੇ ਕਿ ਪਿਆਰ ਕੀ ਹੁੰਦਾ ਹੈ ॥ ਕਾਫੀ ਕਿੱਸੇ ਹਣ ਮੈ ਕਿਹ ਸਕਦਾ ਹਾਂ - ॥"

"Ts! Ts!" said Kaa, weaving his head to and fro. "I also have known what love is. There are tales I could tell that—"

"ਜਿਨ੍ਹਾਂ ਨੂੰ ਇਕ ਸਾਫ ਸੁਥਰੀ ਰਾਤ ਦੀ ਲੋੜ ਹੈ ਜਦੋਂ ਅਸੀ ਚੰਗੀ ਤਰ੍ਹਾਂ ਰੱਜੇ ਹੋਇਏ । 'ਤੇ ਤਰੀਫ ਠੀਕ ਤਰ੍ਹਾਂ ਕਰ ਸਕਿਏ ।" ਬਘੀਰੇ ਨੇ ਜਲ੍ਹੀ ਕਿਹਾ ॥ "ਸਾੱਢਾ ਆਦਮੀ ਦਾ ਬਲੂੰਗੜਾ ਹੁਣ ਬਾਂਦਰ ਲੋਕਾਂ ਦੇ ਹੱਥਾਂ'ਚ ਹੈ । ਅਤੇ ਸਾਨੂੰ ਪਤਾ ਹੈ ਕਿ ਜੰਗਲ ਦੇ ਸਾਰੇ ਲੋਕਾਂ'ਚੋਂ ਓਹ ਸਿਰਫ ਕਾ ਤੋਂ ਡਰਦੇ ਨੇਂ ॥"

"That need a clear night when we are all well fed to praise properly," said Bagheera quickly. "Our man-cub is in the hands of the Bandar-log now, and we know that of all the Jungle-People they fear Kaa alone."

"ਓਹ ਸਿਰਫ ਮੇਰੇ ਤੋਂ ਡਰਦੇ ਨੇ ॥ ਓਨ੍ਹਾਂ ਕੋਲ ਚੰਗੀ ਵਜ੍ਹਾ ਹੈ ।" ਕਾ ਨੇ ਕਿਹਾ ॥ "ਬੜਬੜੇ । ਮੂਰਖ । ਅਭਿਮਾਨੀ - ਅਭਿਮਾਨੀ । ਮੂਰਖ । ਅਤੇ ਬੜਬੜੇ ਨੇ । ਬਾਂਦਰ ॥ ਮਗਰ ਇਕ ਆਦਮੀ - ਜਿਹੀ - ਚੀਜ ਓਨ੍ਹਾਂ ਦੇ ਹੱਥੀ ਚੰਗੀ ਕਿਸਮਤ ਵਾਲਾ ਨਹੀਂ ਹੋ ਸਕਦਾ ॥ ਓਹ ਜਿੜ੍ਹੇ ਮੇਵੇ ਕੱਠੇ ਕਰਦੇ ਨੇ ਓਨ੍ਹਾਂ'ਤੋਂ ਭੀ ਅੱਕ ਜਾਉਂਦੇ ਨੇ ਅਤੇ ਹੇਠਾਂ ਦੇ ਮਾਰਦੇ ਨੇ ॥ ਓਹ ਅੱਧੇ ਦਿਨ ਤਾਂਈ ਇਕ ਸੋਟ੍ਹੀ ਚੁੱਕੀ ਫਿਰਦੇ ਨੇ । ਕਿ ਉਧੇ ਨਾਲ ਕੁਝ ਜਰੂਰੀ ਕੱਮ ਕਰਨਗੇ ਅਤੇ ਓਹ ਉਧੇ ਦੋ ਟੋਟ੍ਹੇ ਕਰ ਦਿੰਦੇ ਨੇ ॥ ਉਸ ਆਦਮੀ - ਜਿਹੀ - ਚੀਜ'ਤੋਂ ਸੜਨਾ ਨਹੀਂ ਚਾਹਿਦਾ ॥ ਓਹ ਮੈਨੂੰ ਭੀ ਕਹਿੰਦੇ ਸੀ 'ਪੀਲੀ ਮੱਛੀ' ਹੈਂ ਕਿ ਨਹੀਂ ?"

"They fear me alone. They have good reason," said Kaa. "Chattering, foolish, vain—vain, foolish, and chattering, are the monkeys. But a man-thing in their hands is in no good luck. They grow tired of the nuts they pick, and throw them down. They carry a branch half a day, meaning to do great things with it, and then they snap it in two. That man-thing is not to be envied. They called me also—` yellow fish' was it not?"

"ਗਡ - ਗਡ - ਗਡੋਇਆ ।" ਬਘੀਰੇ ਨਿ ਕਿਹਾ । "ਅਤੇ ਹੋਰ ਬਹੁਤ ਕੁਝ ਜਿੜ੍ਹਾ ਸ਼ਰਮ ਦੇ ਮਾਰੇ ਮੈਂ ਤੈਨੂੰ ਦੱਸ ਨਹੀਂ ਸਕਦਾ ॥"

"Worm—worm—earth-worm," said Bagheera, "as well as other things which I cannot now say for shame."

"ਸਾਨੂੰ ਓਨ੍ਹਾਂ ਨੂੰ ਇਹ ਦੱਸਨਾ ਜਰੂਰੀ ਹੈ ਕਿ ਕਿਵੇਂ ਅਪਨੇ ਮਾਲਿਕ ਦੇ ਬਾਰੇ ਚੰਗਾ ਬੋਲਣਾ ਚਾਹਿਦਾ ਹੈ ॥ ਆਹ - ਸੱਪ ! ਸਾਨੂੰ ਓਨ੍ਹਾਂ ਦੀ ਭੁੱਲਦੀ ਹੋਈ ਯਾਦ੍ਦਾਸ਼ੁ ਦੀ ਮਦਦ ਕਰਨੀ ਚਾਹਿਦੀ ਹੈ ॥ ਹੁਣ । ਓਹ ਬਲੂੰਗੜਾ ਲੈਕੇ ਕਿੱਧਰ ਚਲੇ ਗਏ ਨੇ ?"

"We must remind them to speak well of their master. Aaa-ssp! We must help their wandering memories. Now, whither went they with the cub?"

"ਸਿਰਫ ਜੰਗਲ ਨੂੰ ਹੀ ਇਹ ਪਤਾ ਹੈ ॥ ਮੇਰੇ ਖਿਆਲ ਨਾਲ । ਸੂਰਜ ਡੁੱਬਣ ਵਾਲੇ ਪਾਸੇ ।" ਭਾੱਲੂ ਨੇ ਕਿਹਾ ॥ "ਅਸੀਂ ਸੋਚ੍ਹਿਆ ਸੀ ਕਿ ਤੈਨੂੰ ਪਤਾ ਹੋਣਾ । ਕਾ ॥"

"The jungle alone knows. Toward the sunset, I believe," said Baloo. "We had thought that thou wouldst know, Kaa."

"ਮੈਨੂੰ ? ਕਿਵੇਂ ? ਮੈਂ ਓਨ੍ਹਾਂ ਨੂੰ ਕਾਬੂ ਕਰ ਲੈਂਦਾ ਹਾਂ ਜਦੋਂ ਓਹ ਮੇਰੇ ਰਾਹ ਪੈ ਜਾਣ । ਪਰ ਮੈਂ ਬਾਂਦਰ ਲੋਕਾਂ ਦਾ ਸ਼ਿਕਾਰ ਨਹੀਂ ਕਰਦਾ । ਜਾਂ ਡੱਡੂਆਂ ਦਾ - ਜਾਂ ਫੇਰ ਪਾਣੀ ਪੀਣ ਵਾਲੀ ਛਪੜੀ'ਤੇ ਹਰੀ ਗੰਦਗੀ ਦਾ ॥"

"I? How? I take them when they come in my way, but I do not hunt the Bandar-log, or frogs—or green scum on a water-hole, for that matter."

"ਉਤ੍ਹੇ ! ਉਤ੍ਹੇ । ਉਤ੍ਹੇ । ਉਤ੍ਹੇ ! ਹਿੱਲੋ ! ਇੱਲੋ ! ਇੱਲੋ ਉੱਪਰ ਵੇਖ । ਸਿਉਨੀ ਦੇ ਬਘਿਆੜਾਂ ਦੇ ਦਲ ਦੇ ਭਾੱਲੂ !"

"Up, Up! Up, Up! Hillo! Illo! Illo, look up, Baloo of the Seeonee Wolf Pack!"

ਭਾੱਲੂ ਨੇ ਉਤ੍ਹੇ ਵੇੱਖਿਆ ਇਹ ਵੇਖਣ ਵਾਸ੍ਤੇ ਕਿ ਅਵਾਜ ਕਿੱਥੋਂ ਆਈ । ਅਤੇ ਓਥੇ ਰਣ ਬਾਜ ਸੀ । ਸੂਰਜ ਓੁਧੇ ਉੱਪਰ ਨੂੰ ਮੁੜੇ ਹੋਏ ਖੰਭਾਂ'ਤੇ ਚਮਕ ਰਿਹਾ ਸੀ ॥ ਰਣ ਦਾ ਸੌਣ ਦਾ ਸਮਾਂ ਹੋ ਰਿਹਾ ਸੀ । ਪਰ ਓਨ੍ਹੇ ਸਾਰਾ ਜੰਗਲ ਛਾਨ ਮਾਰਿਆ'ਤੇ ਸੰਘਣੇ ਜੰਗਲ ਕਰਕੇ ਭਾੱਲੂ ਨੂੰ ਵੇਖ ਨਹੀਂ ਸਕਿਆ ॥

"Tabaqui told him that, I know. He would never have thought of it alone." Mowgli stood with his finger in his mouth, thinking. "The big ravine of the Waingunga. That opens out on the plain not half a mile from here. I can take the herd round through the jungle to the head of the ravine and then sweep down—but he would slink out at the foot. We must block that end. Gray Brother, canst thou cut the herd in two for me?"

"ਮੈ ਨਹੀਂ । ਪਰ ਸ਼ਾਇਦ - ਮਗਰ ਮੈਂ ਇਕ ਸਿਆਣਾ ਮਦਦਗਾਰ ਲਿਆਇਆਂ ਹਾਂ ॥" ਸਲੇਟੀ ਭਰਾ ਕਦਮ ਪੁਟ੍ਹਦਾ ਇਕ ਮੋਰੀ'ਚ ਡਿਗ ਪਿਆ ॥ ਫੇਰ ਉਸ'ਚੋਂ ਇਕ ਵੱਢਾ ਸਲੇਟੀ ਸਿਰ ਨਿੱਕਲਿਆ ਜਿਸ ਨੂੰ ਮੁਗਲੀ ਚੰਗੀ ਤਰ੍ਹਾਂ ਜਾਣਦਾ ਸੀ । ਅਤੇ ਗਰਮ ਹਵਾ ਜੰਗਲ ਦੀ ਸਭ ਤੋਂ ਜਿਆਦਾ ਸੁੰਨਸਾਨ ਚੀਕ ਨਾਲ ਭਰ ਗਈ - ਦੁਪਹਿਰ'ਚ ਇਕ ਬਘਿਆੜ ਦੇ ਸ਼ਿਕਾਰ ਕਰਨ ਦੀ ਭੌਂਕ ਨਾਲ ॥

"Not I, perhaps—but I have brought a wise helper." Gray Brother trotted off and dropped into a hole. Then there lifted up a huge gray head that Mowgli knew well, and the hot air was filled with the most desolate cry of all the jungle—the hunting howl of a wolf at midday.

"ਕਲ੍ਹਿਆ ! ਕਲ੍ਹਿਆ !" ਮੁਗਲੀ ਨੇ ਤਾੜੀਆਂ ਮਾਰਦੇ ਹੋਏ ਕਿਹਾ ॥ "ਮੈਨੂੰ ਸ਼ਾਇਦ ਇਹ ਪਤਾ ਸੀ ਕਿ ਤੂੰ ਮੈਨੂੰ ਕਦੇ ਭੀ ਨਹੀਂ ਭੁੱਲੇਗਾਂ ॥ ਸਾਨ੍ਹੂੰ ਇਕ ਵੱਢਾ ਕੱਮ ਕਰਨਾ ਹੈ ॥ ਇੱਜੜ ਦੇ ਦੋ ਟੋਟ੍ਹੇ ਕਰ ਦੇ । ਕਲ੍ਹੇ ॥ ਗਾਈਆਂ'ਤੇ ਵੱਛਿਆਂ ਨੂੰ ਕੱਠੇ ਰੱਖੀਂ ॥ ਅਤੇ ਝੋਟ੍ਹਿਆਂ'ਤੇ ਹੱਲ ਵਾਹੁਣ ਵਾਲੀਆਂ ਮੱਝਾਂ ਨੂੰ ਅੱਡ ਅੱਡ ਰਖੀਂ ॥"

"Akela! Akela!" said Mowgli, clapping his hands. "I might have known that thou wouldst not forget me. We have a big work in hand. Cut the herd in two, Akela. Keep the cows and calves together, and the bulls and the plow buffaloes by

themselves."

ਦੋ ਬਘਿਆੜ ਇੰਝ ਨੁੱਸੇ । ਜਿਵੇਂ ਤੀਵੀਆਂ ਲੜੀਵਾਰ ਨਚ੍ਹਦੀਆਂ ਨੇ । ਇਜੱੜ ਦੇ ਅੰਦਰ ਬਾਹਰ ਕਰਦੇ ਨੱਕ ਨਾਲ ਫਰ੍ਹਾਟੇ ਮਾਰਦੇ ਹੋਏ'ਤੇ ਸਿਰ ਸੁਟ੍ਹਕੇ ਇੱਜੜ ਨੂੰ ਦੋ ਹਿੱਸਿਆਂ'ਚ ਵੰਡ ਦਿਤ੍ਹਾ ॥ ਇਕ ਹਿੱਸੇ'ਚ । ਗਾਂਈਆਂ'ਤੇ ਮੱਝਾਂ ਅਤੇ ਉਨ੍ਹਾਂ ਦੇ ਵੱਛੇ ਵਿਚਕਾਰ ਸੀ । ਅਤੇ ਹੱਲਾ ਬੋੱਲਣ ਨੂੰ ਤਿਆਰ ਸੀ । ਜੇਕਰ ਇਕ ਬਘਿਆੜ ਬਿਨਾ ਹਿਲੇ ਡੁਲੇ ਖੜਾ ਹੋ ਸਕਦਾ । ਉਹ੍ਹਦੀ ਜਾਨ ਕੱਢਨ ਵਾਸ੍ਤੇ ਤਿਆਰ ਸੀ ॥ ਦੂਜੇ ਹਿੱਸੇ'ਚ । ਬੁੱਢੇ'ਤੇ ਜਵਾਨ ਝੋਟ੍ਹੇ ਘੁਰ੍ਹ ਘੁਰ੍ਹ ਕਰਦੇ ਖੁਰ ਹੇਠਾਂ ਮਾਰਨ ਢਹੇ ਸੀ । ਭਾਵੇਂ ਓਹ ਬੜੇ ਰੋਬਦਾਰ ਲਗ ਰਹੇ ਸੀ ਓਹ ਜਿਆਦਾ ਖਤਰਨਾਕ ਨਹੀਂ ਸੀ । ਕਿਓਂਕਿ ਉਨ੍ਹਾਂ ਨੂੰ ਵੱਛਿਆਂ ਦੀ ਰੱਖਿਆ ਨਹੀਂ ਸੀ ਕਰਨੀ ॥ ਕੋਈ ਭੀ ਛਿਹ ਆਦਮੀ ਇਨ੍ਹੀ ਸਫਾਈ ਨਾਲ ਇੱਜੜ ਦੋਫਾੜ ਨਹੀਂ ਸੀ ਕਰ ਸਕਦੇ ॥

The two wolves ran, ladies'-chain fashion, in and out of the herd, which snorted and threw up its head, and separated into two clumps. In one, the cow-buffaloes stood with their calves in the center, and glared and pawed, ready, if a wolf would only stay still, to charge down and trample the life out of him. In the other, the bulls and the young bulls snorted and stamped, but though they looked more imposing they were much less dangerous, for they had no calves to protect. No six men could have divided the herd so neatly.

"ਕਿੜ੍ਹੇ ਹੁਕਮ !" ਹੱਫਦੇ ਹੋਏ ਕਲ੍ਹੇ ਨੇ ਕਿਹਾ ॥ "ਓਹ ਫੇਰ ਕੱਠੇ ਹੋਣ ਲਗ੍ਹੇ ਨੇ ॥"

"What orders!" panted Akela. "They are trying to join again."

ਮੁਗਲੀ ਰਾਮਾ ਦੀ ਪਿਠ ਤੇ ਚੂੜ ਗਿਆ ॥ "ਝੋਟ੍ਹਿਆਂ ਨੂੰ ਖੱਬੇ ਭਜਾ । ਕਲ੍ਹੇ ॥ ਸਲੇਟੀ ਭਰਾ । ਸਾੱਢੇ ਜਾਨ ਮਗਰੋਂ । ਗਾਂਈਆਂ ਨੂੰ ਕੱਠੇ ਰਖੀਂ । ਅਤੇ ਇਨ੍ਹਾਂ ਨੂੰ ਖੱਡ ਦੇ ਮਦਾਨ ਵਾਲੇ ਸਿਰੇ'ਤੇ ਨੱਸ੍ਹਾਂ ਦੇਵੀਂ ॥"

Mowgli slipped on to Rama's back. "Drive the bulls away to the left, Akela. Gray Brother, when we are gone, hold the cows together, and drive them into the foot of the ravine."

"ਕਿਨ੍ਹੀ ਦੂਰ ?" ਹੱਫਦੇ'ਤੇ ਚਟਕਦੇ ਹੋਏ ਸਲੇਟੀ ਭਰਾ ਨੇ ਕਿਹਾ ॥

"How far?" said Gray Brother, panting and snapping.

"ਜਦੋਂ ਤਕ ਕਿ ਪਾਸੇ ਇਨ੍ਹੇ ਉਚ੍ਹੇ ਹੋਣ ਕਿ ਸ਼ੇਰ ਖਾਂ ਛਾਲ ਨਾਂ ਮਾਰ ਸਕੇ ।" ਮੁਗਲੀ ਜੋਰ ਦੀ ਚੀੱਕਿਆ ॥ "ਓਨ੍ਹਾਂ ਨੂੰ ਓਥੇ ਹੀ ਰੱਖੀਂ ਜਦੋਂ ਤਕ ਕਿ ਅਸੀਂ ਹੇਠਾਂ ਨਾਂ ਪਹੁੰਚ ਜਾਇਏ ॥" ਝੋਟ੍ਹੇ ਪਾਸੇ ਹੋ ਗਏ ਜਦਕਿ ਕਲ੍ਹਾ ਭੌਂ ਭੌਂ ਕਰਦਾ ਰਿਹਾ । ਅਤੇ ਸਲੇਟੀ ਭਰਾ ਗਾਂਈਆਂ ਅਗ੍ਹੇ ਖੜਾ ਹੋ ਗਿਆ ॥ ਓਨ੍ਹਾਂ ਨੇ ਉਹ੍ਹਦੇ'ਤੇ ਧਾਵਾ ਬੋਲ ਦਿਤ੍ਹਾ ਅਤੇ ਓਹ ਖੱਡ ਦੇ ਮਦਾਨੀ ਸਿਰੇ ਤਾਂਈਂ ਓਨ੍ਹਾਂ ਅਗ੍ਹੇ ਨੁੱਸਦਾ ਰਿਹਾ ਜਦੋਂ ਕਿ ਕਲ੍ਹੇ ਨੇ ਝੋਟ੍ਹੇ ਦੂਰ ਖੱਬੇ ਪਾਸੇ ਨੱਠਾਏ ॥

"Till the sides are higher than Shere Khan can jump," shouted Mowgli. "Keep them there till we come down." The bulls swept off as Akela bayed, and Gray Brother stopped in front of the cows. They charged down on him, and he ran just before them to the foot of the ravine, as Akela drove the bulls far to the left.

"ਬਹੁਤ ਵਧੀਆ ! ਇਕ ਹੋਰ ਧਾਵਾ ਬੋਲਣ'ਤੇ ਬਿਲਕੁਲ ਤਿਆਰ ਹੋ ਜਾਣਗੇ ॥ ਖਬਰਦਾਰ । ਹੁਣ - ਖਬਰਦਾਰ ਕਲ੍ਹਿਆ ॥ ਜੇ ਥੋੜਾ ਜਿਆਦਾ ਚਟਕਿਆਂ'ਤੇ ਝੋਟ੍ਰਿਆਂ ਨੇ ਧਾਵਾ ਬੋਲ ਦੇਣਾ ਹੈ ॥ ਓਹ੍ਹਾ ! ਇਹ ਕਾਲੇ ਹਿਰਣ ਨ੍ਹੰਸਾਓਣ ਤੋਂ ਜਿਆਦਾ ਔਖਾ ਕੱਮ ਹੈ ॥ ਕੀ ਤੂੰ ਸੋਚ੍ਹਿਆ ਸੀ ਕਿ ਇਹ ਜਾਨਵਰ ਇਨ੍ਹੀ ਫੁਰਤੀ ਨਾਲ ਹਿਲ ਸਕਦੇ ਨੇ ?" ਮੁਗਲੀ ਨੇ ਪੁੱਛਿਆ ॥

"Well done! Another charge and they are fairly started. Careful, now—careful, Akela. A snap too much and the bulls will charge. Hujah! This is wilder work than driving black-buck. Didst thou think these creatures could move so swiftly?" Mowgli called.

"ਮੈਂ ਕੀਤ੍ਹਾ ਹੈ - ਅਪਨੇ ਵਕ੍ਹ'ਚ ਇਨ੍ਹਾਂ ਦਾ ਭੀ ਸ਼ਿਕਾਰ ਕੀਤ੍ਹਾ ਹੈ ।" ਉੜਦੀ ਮਿਟ੍ਹੀ'ਚ ਸਾਹੋ - ਵਿਸਾਹ ਹੋਕੇ ਕਲ੍ਹੇ ਨੇ ਕਿਹਾ ॥ "ਕੀ ਮੈਂ ਇਨ੍ਹਾਂ ਨੂੰ ਜੰਗਲ ਵੱਲ ਮੋੜ ਦਿਆਂ ?"

"I have—have hunted these too in my time," gasped Akela in the dust. "Shall I turn them into the jungle?"

"ਓਏ ! ਮੁੜ ॥ ਛੇਤ੍ਹੀ ਇਨ੍ਹਾਂ ਨੂੰ ਛੇਤ੍ਹੀ ਮੋੜ ਦੇ ! ਰਾਮਾ ਗੁੱਸੇ ਨਾਲ ਪਾਗਲ ਹੋਇਆ ਹੋਇਆ ਹੈ ॥ ਓਹ । ਜੇਕਰ ਮੈਂ ਉਸ ਨੂੰ ਦੱਸ ਸਕਾਂ ਕਿ ਅੱਜ ਮੈਨੂੰ ਉਧੇ ਤੋਂ ਕੀ ਚਾਹਿਦਾ ਹੈ ॥"

"Ay! Turn. Swiftly turn them! Rama is mad with rage. Oh, if I could only tell him what I need of him to-day."

ਝੋਟ੍ਰਿਆਂ ਨੂੰ ਇਸ ਵਾਰ ਸੱਜੇ ਮੋੜਿਆ ਗਇਆ ਅਤੇ ਓਹ ਸੰਘਣੀਆਂ ਝਾੜੀਆਂ'ਚ ਜਾ ਵੱਜੇ ॥ ਇੱਜੜ ਦੇ ਬਾਕੀ ਬਚ੍ਹੇ ਡੰਗਰਾਂ ਨਾਲ ਅੱਧਾ ਮੀਲ ਦੂਰ ਇਹ ਵੇਖਕੇ ਪਿੰਡ ਵੱਲ ਇਨ੍ਹਾਂ ਤੇਜ ਨ੍ਹੱਸੇ ਕਿ ਜਿਨ੍ਹੀਆਂ ਤੇਜ ਓਨ੍ਹਾਂ ਦੀਆਂ ਲਤ੍ਹਾਂ ਓਨ੍ਹਾਂ ਨੂੰ ਲਿਜਾ ਸਕਦੀਆਂ ਸੀ । ਅਤੇ ਰੋਂਦੇ ਹੋਏ ਗਏ ਕਿ ਮੱਝਾਂ ਪਾਗਲ ਹੋ ਕੇ ਨ੍ਹੱਸ ਗਈਆਂ ਨੇ ॥

The bulls were turned, to the right this time, and crashed into the standing thicket. The other herd children, watching with the cattle half a mile away, hurried to the village as fast as their legs could carry them, crying that the buffaloes had gone mad and run away.

ਪਰ ਮੁਗਲੀ ਦਾ ਮਨਸੂਬਾ ਬੜਾ ਸਿੱਧਾ ਜਿਹਾ ਸੀ ॥ ਓਹ ਬੱਸ ਖੱਡ ਦੇ ਉਤ੍ਹਲੇ ਸਿਰੇ'ਤੇ ਇਕ ਵੱਢਾ ਘੇਰਾ ਬਣਾਉਨਾ ਚਾਹੁੰਦਾ ਸੀ ਅਤੇ ਖੱਡ ਦੇ ਸਿਰੇ'ਤੇ ਪਹੁੰਚਨਾ ਚਾਹੁੰਦਾ ਸੀ । ਅਤੇ ਝੋਟ੍ਰਿਆਂ ਨੂੰ ਉਧੇ'ਚ ਲਜਾ ਕੇ ਸ਼ੇਰ ਖਾਂ ਨੂੰ ਝੋਟ੍ਰਿਆਂ'ਤੇ ਗਾਂਈਆਂ'ਚ ਘੇਰਨਾ ਚਾਹੁੰਦਾ ਸੀ । ਕਿਓਂਕਿ ਓਹ ਜਾਣਦਾ ਸੀ ਕਿ ਖਾਧਾ ਪੀਤਾ ਸ਼ੇਰ ਖਾਂ ਲੜਨ ਦੀ ਹਾਲਤ'ਚ ਨਹੀਂ ਹੋਣਾ ਨਾਂ ਹੀ ਓਹ ਖੱਡ ਦੇ

ਪਾਸਿਆਂ'ਤੇ ਚੜ੍ਹ ਸਕਦਾ ਸੀ ॥ ਹੁਣ ਓਹ ਅਵਾਜ ਨਾਲ ਮੱਝਾਂ ਨੂੰ ਸ਼ਾਂਤ ਕਰ ਰਿਹਾ ਸੀ । ਅਤੇ ਕਲ੍ਹਾ ਇਕਦਮ ਪਿੱਛੇ ਛੁਟ੍ਹ ਗਿਆ ਸੀ । ਅਤੇ ਸਿਰਫ ਇਕ ਜਾਂ ਦੋ ਵਾਰੀ ਪਿਛਲੀ ਰੱਖਿਆ ਨੂੰ ਤੇਜ ਕਰਨ ਵਾਸ੍ਤੇ ਬਿਲਬਿਲਾਇਆ ॥ ਓਹ ਇਕ ਲੰਮਾ । ਬੜਾ ਲੰਮਾਂ ਘੇਰਾ ਸੀ । ਕਿਓਂਕਿ ਓਹ ਖੱਡ ਦੇ ਬਹੁਤੇ ਨੇੜ੍ਹੇ ਜਾਕੇ ਸ਼ੇਰ ਖਾਂ ਨੂੰ ਖਬਰਦਾਰ ਨਹੀਂ ਕਰਨਾ ਚਾਹੁੰਦੇ ਸੀ ॥ ਆਖਿਰਕਾਰ ਭੌਂਦਰੇ ਹੋਏ ਇੱਜੜ ਨੂੰ ਮੁਗਲੀ ਨੇ ਖੱਡ ਦੇ ਸਿਰੇ'ਤੇ ਇਕ ਘਾਹ ਦੇ ਟੁਕੜੇ'ਤੇ ਕੱਠਾ ਕੀਤ੍ਹਾ ਜਿਧਾ ਢਲਾਨ ਖੱਡ ਵੱਲ ਸੀ ॥ ਉਸ ਉਚਾਈ'ਤੋਂ ਤੁਸੀ ਦ੍ਰਖ੍ਹਾਂ ਦੇ ਉੱਪਰ ਤੋਂ ਲੈਕੇ ਹੇਠਾਂ ਮਦਾਨ ਤਾਂਈ ਵੇਖ ਸਕਦੇ ਸੀ । ਮਗਰ ਜੋ ਮੁਗਲੀ ਨੇ ਵੇੱਖਿਆ ਓਹ ਇਹ ਸੀ ਕਿ ਖੱਡ ਦੇ ਪਾਸੇ । ਅਤੇ ਓਨ੍ਹੇ ਇਹ ਬੜੀ ਤਸੱਲੀ ਨਾਲ ਵੇੱਖਿਆ ਕਿ ਇਹ ਇਕਦਮ ਸਿੱਧੇ ਉੱਪਰ'ਤੇ ਥੱਲੇ ਜਾਉਂਦੇ ਸੀ । ਅਤੇ ਓਨ੍ਹਾਂ'ਤੇ ਲਟਕਦੀਆਂ ਵੇਲਾਂ ਨੂੰ ਫੜਕੇ ਇਕ ਚੀਤਾ ਨ੍ਹੱਸ ਨਹੀਂ ਸੀ ਸਕਦਾ ॥

But Mowgli's plan was simple enough. All he wanted to do was to make a big circle uphill and get at the head of the ravine, and then take the bulls down it and catch Shere Khan between the bulls and the cows; for he knew that after a meal and a full drink Shere Khan would not be in any condition to fight or to clamber up the sides of the ravine. He was soothing the buffaloes now by voice, and Akela had dropped far to the rear, only whimpering once or twice to hurry the rear-guard. It was a long, long circle, for they did not wish to get too near the ravine and give Shere Khan warning. At last Mowgli rounded up the bewildered herd at the head of the ravine on a grassy patch that sloped steeply down to the ravine itself. From that height you could see across the tops of the trees down to the plain below; but what Mowgli looked at was the sides of the ravine, and he saw with a great deal of satisfaction that they ran nearly straight up and down, while the vines and creepers that hung over them would give no foothold to a tiger who wanted to get out.

"ਇਨ੍ਹਾਂ ਨੂੰ ਸਾਹ ਲੈ ਲੈਣ ਦੇ । ਕਲ੍ਹਿਆ ।" ਅਪਨਾ ਹੱਥ ਫੱੜਕੇ । ਓਨ੍ਹੇ ਕਿਹਾ ॥ "ਓਨ੍ਹਾਂ ਨੂੰ ਹਜੇ ਉਧੀ ਧ੍ਹੂੰ ਨਹੀਂ ਲਗ੍ਹੀ ਹੈ ॥ ਇਨ੍ਹਾਂ ਨੂੰ ਸਾਹ ਲੈ ਲੈਣ ਦੇ ॥ ਮੈਨੂੰ ਸ਼ੇਰ ਖਾਂ ਨੂੰ ਦੱਸਨਾ ਜਰੂਰੀ ਹੈ ਕਿ ਕੋਣ ਆ ਰਿਹਾ ਹੈ ॥ ਅਸੀਂ ਉਸ ਨੂੰ ਜਾਲ'ਚ ਫਸਾ ਹੀ ਲਿਆ ਹੈ ॥"

"Let them breathe, Akela," he said, holding up his hand. "They have not winded him yet. Let them breathe. I must tell Shere Khan who comes. We have him in the trap."

ਓਨ੍ਹੇ ਅਪਨੇ ਹੱਥ ਮੂੰਹ ਅਗ੍ਹੇ ਰੱਖੇ ਅਤੇ ਖੱਡ'ਚ ਜੋਰ ਦੀ ਚੀਕਿਆ - ਇਹ ਇੰਝ ਸੀ ਜਿਵੇਂ ਕਿਸੀ ਸੁਰੰਗ'ਚ ਚੀਕਨਾ - ਅਤੇ ਚੀਕ ਇਕ ਪੱਥਰ'ਤੋਂ ਦੂਜੇ ਪੱਥਰ ਤਾਂਈ ਗੂੰਜਦੀ ਰਹੀ ॥

He put his hands to his mouth and shouted down the ravine—it was almost like shouting down a tunnel—and the echoes jumped from rock to rock.

ਬਹੁਤ ਚਿਰ ਬਾਦ ਓਥੇ ਹੌਲੇ ਹੌਲੇ ਹੁਣੇ ਹੁਣੇ ਸੌਂ ਕੇ ਉੱਠੇ ਚੀਤੇ ਦੇ ਗਰਜਨ ਦੀ ਅਵਾਜ ਆਈ । ਜਿੜ੍ਹਾ ਰੱਜਿਆ ਹੋਇਆ ਸੀ ॥

After a long time there came back the drawling, sleepy snarl of a full-fed tiger just wakened.

"ਕਿਨ੍ਹੇ ਮੈਨੂੰ ਬੁਲਾਇਆ ?" ਸ਼ੇਰ ਖਾਂ ਨੇ ਪੁੱਛਿਆ। ਅਤੇ ਇਕ ਆਲੀਸ਼ਾਨ ਮੋਰ ਚੀਕਾਂ ਮਾਰਦਾ ਹੋਇਆ ਖੱਡ'ਚੋ ਖੰਭ ਫੜਫੜਾਉਂਦਾ ਹੋਇਆ ਉੱਡਿਆ ॥

"Who calls?" said Shere Khan, and a splendid peacock fluttered up out of the ravine screeching.

"ਮੈਂ। ਮੁਗਲੀ ॥ ਡੰਗਰ ਚੋਰ। ਇਹ ਸਮਾਂ ਹੈ ਪੰਚਾਇਤੀ ਥੜ੍ਹੇ ਉਤ੍ਹੇ ਆਓਣ ਦਾ ! ਹੇਠਾਂ - ਛੇਤ੍ਰੀ ਓਨ੍ਹਾਂ ਨੂੰ ਹੇਠਾਂ ਲਿਆ। ਕਲ੍ਹਿਆ ! ਹੇਠਾਂ। ਰਾਮਾ। ਹੇਠਾਂ !"

"I, Mowgli. Cattle thief, it is time to come to the Council Rock! Down—hurry them down, Akela! Down, Rama, down!"

ਇਜੱੜ ਇਕ ਘੜੀ ਵਾਸ੍ਤੇ ਢਲਾਨ ਦੇ ਸਿਰੇ ਤੇ ਰੁਕ ਗਿਆ। ਮਗਰ ਕਲ੍ਹੇ ਨੇ ਜੋਰ ਦੀ ਸ਼ਿਕਾਰੀ - ਚੀਕ ਮਾਰੀ। ਅਤੇ ਇਕ ਇਕ ਕਰਕੇ ਇੰਝ ਨ੍ਹੱਸੇ। ਜਿਵੇਂ ਭਾਫ ਨਾਲ ਚਲਣ ਵਾਲਾ ਜਹਾਜ ਰੇਤਾ'ਤੇ ਰੋੜੇ ਜੋਰ ਦੀ ਪਿੱਛੇ ਸੁਟ੍ਹਦਾ ਹੈ ॥ ਇਕ ਵਾਰੀ ਜਦੋਂ ਸ਼ੂਰੂ ਹੋਏ। ਫਿਰ ਰੋਕਣ ਦਾ ਕੋਈ ਮੌਕਾ ਨਹੀਂ ਸੀ। ਅਤੇ ਖੱਡ ਦੇ ਤਲ'ਤੇ ਪਹੁੰਚਨ ਤੋਂ ਪਹਿਲਾਂ ਹੀ ਰਾਮਾ ਨੂੰ ਸ਼ੇਰ ਖਾਂ ਦੀ ਧੂੰ ਲਗ ਗਈ ਅਤੇ ਓਹ ਬੜ੍ਹਕਿਆ ॥

The herd paused for an instant at the edge of the slope, but Akela gave tongue in the full hunting-yell, and they pitched over one after the other, just as steamers shoot rapids, the sand and stones spurting up round them. Once started, there was no chance of stopping, and before they were fairly in the bed of the ravine Rama winded Shere Khan and bellowed.

"ਹਾ ! ਹਾ ! " ਮੁਗਲੀ ਨੇ। ਉਧੀ ਪਿਠ'ਤੇ ਬੈਠੇ ਨੇ ਕਿਹਾ ॥ "ਹੁਣ ਤੈਨੂੰ ਪਤਾ ਚਲਿਆ !" ਅਤੇ ਕਾਲੇ ਸਿੰਙ। 'ਤੇ ਝਗ੍ਗ ਵਾਲੇ ਮੂੰਹ। 'ਤੇ ਘੂਰਦੀਆਂ ਅੱਖਾਂ ਦਾ ਹੜ੍ਹ ਖੱਡ'ਚ ਇੰਝ ਆਇਆ ਜਿਵੇਂ ਵੱਢੇ ਪੱਥਰ ਹੱੜਾਂ ਦੇ ਵਕ੍ਤ ਵਗ ਜਾਉਂਦੇ ਨੇ। ਕਮਜੋਰ ਮੱਝਾਂ ਖੱਡ ਦੇ ਪਾਸੇ ਹੋ ਗਈਆਂ ਜਿੱਥੇ ਓਨ੍ਹਾਂ ਨੇ ਵੇਲਾਂ ਤੋੜ ਸਿਟ੍ਹੀਆਂ ॥ ਓਨ੍ਹਾਂ ਨੂੰ ਪਤਾ ਸੀ ਕਿ ਓਨ੍ਹਾਂ ਸਾਹਮਨੇ ਕਿੜ੍ਹਾ ਕੱਮ ਕਰਨ ਵਾਲਾ ਪਇਆ ਹੈ - ਇਕ ਇੱਜੜ ਦਾ ਭੈੜਾ ਹੱਲਾ ਬੋਲਨਾ ਜ੍ਹਿਧੇ ਸਾਹਮਨੇ ਕੋਈ ਚੀਤਾ ਟਿਕਣ ਦੀ ਉੱਮੀਦ ਨਹੀਂ ਕਰ ਸਕਦਾ ॥ ਸ਼ੇਰ ਖਾਂ ਨੇ ਓਨ੍ਹਾਂ ਦੇ ਖੁਰਾਂ ਦੀ ਗਰਜ ਸੁਣੀ। ਅਪਨੇ ਆਪ ਨੂੰ ਚੁੱਕਿਆ। ਅਤੇ ਖੱਡ'ਚ ਹੇਠਾਂ ਵੱਲ ਨ੍ਹੱਸਿਆ। ਅਤੇ ਸਾਰੇ ਪਾਸੇ ਵੇਖਦਾ ਰਿਹਾ ਕਿ ਕਿਥੋਂ ਨ੍ਹੱਸਣ ਦਾ ਰਾਹ ਲੱਭ ਜਾਵੇ। ਪਰ ਖੱਡ ਦੀਆਂ ਦਿਵਾਰਾਂ ਇਕਦਮ ਸਿੱਧੀਆਂ ਸੀ ਅਤੇ ਉਸ ਨੂੰ ਸਬਰ ਕਰਨਾ ਪਇਆ। ਰਾਤ ਦਾ ਭੋਜਨ ਖਾਧਾ ਅਤੇ ਪੀਤਾ ਹੋਣ ਕਰਕੇ ਓਹ ਭਾਰੀ ਹੋਣ ਦੀ ਵਜ੍ਹਾ ਨਾਲ। ਲੜਾਈ ਦੇ ਸਿਵਾ ਸਭ ਕੁਝ ਕਰਨਾ ਚਾਹੁੰਦਾ ਸੀ ॥ ਇੱਜੜ ਨੇ ਸਰੋਵਰ ਦਾ ਪਾਣੀ ਛਲਕਾਇਆ ਜਿੜ੍ਹਾ ਓਹ ਹੁਣੇ ਛੱਡਕੇ ਗਿਆ ਸੀ। 'ਤੇ ਬੜ੍ਹਕਾਂ ਮਾਰੀਆਂ ਜਦੋਂ ਤਕ ਕਿ ਭੀੜਾ ਪਾੜ ਵੱਜਣ ਨਹੀਂ ਲਗ ਪਿਆ ॥ ਮੁਗਲੀ ਨੇ ਜਵਾਬੀ ਬੜ੍ਹਕਾਂ ਖੱਡ ਦੇ ਮਦਾਨੀ ਪਾਸਿਓਂ ਆਓਂਦੀਆਂ ਸੁਣੀਆਂ। ਅਤੇ ਵੇੱਖਿਆ ਕਿ ਸ਼ੇਰ ਖਾਂ

ਮੁੜ ਗਿਆ(ਚੀਤੇ ਨੂੰ ਪਤਾ ਸੀ ਕਿ ਜੇ ਮਾੜੇ ਤੋਂ ਮਾੜਾ ਹੋਇਆ ਇਹ ਚੰਗਾ ਸੀ ਕਿ ਉਧਾ ਵਾਹ ਝੋਟ੍ਵਿਆਂ ਨਾਲ ਪਵੇ ਨਾਂ ਕਿ ਗਾਇਆਂ ਦਾ ਓਨ੍ਹਾਂ ਦੇ ਵਛਿਆਂ ਨਾਲ) । ਅਤੇ ਫੇਰ ਰਾਮਾ ਦਾ ਪੈਰ ਥਿੜਕ ਗਇਆ । ਓਹ ਡਗਮਗਾਇਆ । ਅਤੇ ਫੇਰ ਕਿਸੇ ਨਰਮ ਚੀਜ ਉਤ੍ਤੇ ਉਧਾ ਪੈਰ ਪਿਆ । ਅਤੇ। ਝੋਟ੍ਵੇ ਉਧੇ ਮਗਰ ਸੀ । 'ਤੇ ਪੂਰੇ ਜੋਰ ਨਾਲ ਓਹ ਇੱਜੜ ਦੇ ਦੂਜੇ ਹਿੱਸੇ'ਚ ਜਾ ਵੱਜਾ । 'ਤੇ ਕਮਜੋਰ ਮੱਝਾਂ ਇਸ ਝਟਕੇ ਨਾਲ ਹਵਾ'ਚ ਉੱਪਰ ਉਠ ਗਈਆਂ ॥ ਇੱਸ ਹੱਲੇ ਨਾਲ ਇਜੱੜ ਦੇ ਦੋਵੇਂ ਹਿੱਸੇ ਮਦਾਨ'ਚ ਲਹੂ ਲੁਹਾਣ ਕਰਦੇ । ਮਸਲਦੇ । 'ਤੇ ਫੜ੍ਹ ਫੜ੍ਹ ਕਰਦੇ ਪਹੁੰਚ ਗਏ ॥ ਮੁਗਲੀ ਨੇ ਅਪਨਾ ਸਮਾਂ ਵੇੱਖਿਆ । ਅਤੇ ਰਾਮਾ ਦੀ ਗਰਦਨ ਤੋਂ ਹੇਠਾਂ ਉਤ੍ਤਰ ਆਇਆ । ਅਤੇ ਅਪਨੀ ਸੋਟ੍ਵੀ ਨਾਲ ਉਸ ਨੂੰ ਸੱਜੇ ਖੱਬੇ ਰਖਦਾ ਰਿਹਾ ॥

"Ha! Ha!" said Mowgli, on his back. "Now thou knowest!" and the torrent of black horns, foaming muzzles, and staring eyes whirled down the ravine just as boulders go down in floodtime; the weaker buffaloes being shouldered out to the sides of the ravine where they tore through the creepers. They knew what the business was before them—the terrible charge of the buffalo herd against which no tiger can hope to stand. Shere Khan heard the thunder of their hoofs, picked himself up, and lumbered down the ravine, looking from side to side for some way of escape, but the walls of the ravine were straight and he had to hold on, heavy with his dinner and his drink, willing to do anything rather than fight. The herd splashed through the pool he had just left, bellowing till the narrow cut rang. Mowgli heard an answering bellow from the foot of the ravine, saw Shere Khan turn (the tiger knew if the worst came to the worst it was better to meet the bulls than the cows with their calves), and then Rama tripped, stumbled, and went on again over something soft, and, with the bulls at his heels, crashed full into the other herd, while the weaker buffaloes were lifted clean off their feet by the shock of the meeting. That charge carried both herds out into the plain, goring and stamping and snorting. Mowgli watched his time, and slipped off Rama's neck, laying about him right and left with his stick.

"ਛੇਤ੍ਤੀ । ਕਲ੍ਹੇ ! ਇਨ੍ਹਾਂ ਨੂੰ ਅੱਡ ਅੱਡ ਕਰਦੇ ॥ ਇਨ੍ਹਾਂ ਨੂੰ ਖਲਾਰ ਦੇ । ਨਹੀਂ ਤੇ ਇਹ ਆਪਸ'ਚ ਹੀ ਲੜਨ ਲਗ੍ਗ ਪੈਣਗੇ ॥ ਇਨ੍ਹਾਂ ਨੂੰ ਦੂਰ ਨ੍ਹੱਸਾ ਦੇ । ਕਲ੍ਹਿਆ ॥ ਹਾਇ । ਰਾਮਾ ! ਹਾਇ ! ਹਾਇ ! ਹਾਇ ! ਮੇਰੇ ਬੱਚ੍ਹੇ ॥ ਪੋੱਲੇ ਜਿਹੇ ਹੁਣ । ਪੋੱਲੇ ਜਿਹੇ ! ਸਭ ਕੁਝ ਖਤਮ ਹੋ ਚੁੱਕਾ ਹੈ ॥"

"Quick, Akela! Break them up. Scatter them, or they will be fighting one another. Drive them away, Akela. Hai, Rama! Hai, hai, hai! my children. Softly now, softly! It is all over."

ਕਲ੍ਹਾ'ਤੇ ਸਲੇਟੀ ਭਰਾ ਗ੍ਹਾਂ ਪਿਛਾਂ ਮੱਝਾਂ ਦੀਆਂ ਲਤ੍ਤਾਂ ਨੱਪਦੇ ਨ੍ਹੱਸਦੇ ਰਹੇ । ਭਾਵੇਂ ਇੱਜੜ ਇਕ ਵਾਰੀ ਫੇਰ ਖੱਡ'ਚ ਹੱਲਾ ਬੋਲਣ ਨੂੰ ਤਿਆਰ ਸੀ । ਮੁਗਲੀ ਨੇ ਰਾਮਾ ਨੂੰ ਮੋੜ ਹੀ ਲਿਆ । ਅਤੇ ਬਾਕੀ ਦੇ ਸਭ ਉਧੇ ਮਗਰੇ ਮਗਰ ਆ ਗਏ ਜਿੱਥੇ ਓਹ ਮਿਟ੍ਵੀ'ਚ ਲਿਟ੍ਵਦੇ ਸਨ ॥

Akela and Gray Brother ran to and fro nipping the buffaloes' legs, and though the herd wheeled once to charge up the ravine again, Mowgli managed to turn Rama, and the others followed him to the wallows.

ਸ਼ੇਰ ਖਾਂ ਨੂੰ ਹੋਰ ਮਸਭਲਣ ਦੀ ਲੋੜ ਨਹੀਂ ਸੀ ॥ ਓਹ ਮਰ ਚੁੱਕਿਆ ਸੀ । ਅਤੇ ਬਾਜ ਉਧੇ ਵਾਸ੍ਤੇ ਹੁਣੇ ਹੀ ਆ ਗਏ ਸੀ ॥

Shere Khan needed no more trampling. He was dead, and the kites were coming for him already.

"ਭਰਾਵੋ । ਇਹ ਇਕ ਕੁਤ੍ਤੇ ਦੀ ਮੌਤ ਸੀ ।" ਮੁਗਲੀ ਨੇ ਅਪਨਾ ਚਾਕੂ ਜਿੜ੍ਹਾ ਓਹ ਹਮੇਸ਼ਾ ਅਪਨੇ ਗਲੇ'ਚ ਲਟਕਾ ਕੇ ਰੱਖਦਾ ਸੀ ਕਿਓਂਕਿ ਓਹ ਹੁਣ ਆਦਮੀਆਂ ਦੇ ਨਾਲ ਰਹਿੰਦਾ ਸੀ । ਲੱਭਦੇ ਹੋਏ ਕਿਹਾ ॥ "ਮਗਰ ਓਨ੍ਹੇਂ ਕਦੇ ਲੜਾਈ ਨਹੀਂ ਸੀ ਕਰਨੀ ॥ ਉਧੀ ਖੱਲ ਪੰਚਾਇਤੀ ਥੜ੍ਹੇ'ਤੇ ਪਈ ਬੜੀ ਚੰਗੀ ਲਗ੍ਗੂਗੀ ॥ ਸਾਨੂੰ ਛੇਤ੍ਤੀ ਹੀ ਕੱਮ ਸ਼ੁਰੂ ਕਰ ਦੇਣਾ ਚਾਹਿਦਾ ਹੈ ॥"

"Brothers, that was a dog's death," said Mowgli, feeling for the knife he always carried in a sheath round his neck now that he lived with men. "But he would never have shown fight. His hide will look well on the Council Rock. We must get to work swiftly."

ਇਕ ਮੁੰਡਾ ਜਿਨ੍ਹੇ ਆਦਮੀਆਂ'ਚ ਸਿਖਲਾਈ ਕੀਤ੍ਤੀ ਹੋਵੇ ਕਦੇ ਭੀ ਇਹ ਸੁਪਨੇ'ਚ ਭੀ ਇਕ ਦੱਸ ਫੁਟ੍ਟੇ ਚੀਤੇ ਦੀ ਖੱਲ ਕਲ੍ਹੇ ਲਾਹੁਣ ਵਾਸ੍ਤੇ ਨਹੀਂ ਸੋਚ੍ਹਿਆ ਹੋਣਾ । ਪਰ ਮੁਗਲੀ ਨੂੰ ਸਭਤੋਂ ਜਿਆਦਾ ਚੰਗੀ ਤਰ੍ਹਾਂ ਪਤਾ ਸੀ ਕਿ ਇਕ ਜਾਨਵਰ ਦੀ ਖੱਲ ਕਿਵੇਂ ਚੜ੍ਹਾਈ ਜਾਉਂਦੀ ਹੈ'ਤੇ ਕਿਵੇਂ ਲਾਹੀ ਜਾਉਂਦੀ ਹੈ ॥ ਮਗਰ ਇਹ ਇਕ ਔਖਾ ਕੱਮ ਸੀ । ਅਤੇ ਮੁਗਲੀ ਇਕ ਘੰਟੇ ਤਾਂਈ ਫਾੜਿਆ'ਤੇ ਕਿਲ੍ਹਿਆ ਜਦੋਂ ਕਿ ਬਘਿਆੜਾਂ ਨੇ ਅਪਨੀਆਂ ਜੀਭਾਂ ਲਮਕਾਈਆਂ । ਜਾਂ ਫੇਰ ਗ੍ਹਾਂ ਆਏ'ਤੇ ਹੱਥ ਦਿਤ੍ਤਾ ਜਿਵੇਂ ਓਨ੍ਹੇ ਓਨ੍ਹਾਂ ਨੂੰ ਹੁਕਮ ਦਿਤ੍ਤਾ ਸੀ ॥ ਹਾਲੇ ਉਧੇ ਮੋੱਢੇ'ਤੇ ਇਕ ਹੱਥ ਪਿਆ । ਓਨ੍ਹੇ ਉੱਪਰ ਵੇੱਖਿਆ ਕਿ ਬਲਦੇਵ ਅਪਨੀ  ਬੰਦੂਕ ਨਾਲ ਖੜਾ ਸੀ ॥ ਬਚ੍ਹਿਆਂ ਨੇ ਪਿੰਡ'ਚ ਮੱਝਾ ਦੀ ਭਗਦੜ ਬਾਰੇ ਦੱਸਿਆ ਸੀ । ਅਤੇ ਬਲਦੇਵ ਗੁੱਸੇ ਨਾਲ ਬਾਹਰ ਨਿੱਕਲ ਗਿਆ ਸੀ । ਉਤਾਵਲਾ ਹੋਕੇ ਮੁਗਲੀ ਨੂੰ ਸੋਧਨ ਵਾਸ੍ਤੇ ਕਿਓਂਕਿ ਓਨ੍ਹੇ ਇੱਜੜ ਦੀ ਦੇਖਭਾਲ ਠੀਕ ਤਰ੍ਹਾਂ ਨਹੀਂ ਕੀਤ੍ਤੀ ਸੀ ॥ ਬਘਿਆੜ ਨਿਗ੍ਹਾ'ਤੋਂ ਦੂਰ ਹੋ ਗਏ ਜਦੋਂ ਓਨ੍ਹਾਂ ਨੇ ਆਦਮੀ ਨੂੰ ਆਓਂਦੇ ਹੋਏ ਵੇੱਖਿਆ ॥

A boy trained among men would never have dreamed of skinning a ten-foot tiger alone, but Mowgli knew better than anyone else how an animal's skin is fitted on, and how it can be taken off. But it was hard work, and Mowgli slashed and tore and grunted for an hour, while the wolves lolled out their tongues, or came forward and tugged as he ordered them. Presently a hand fell on his shoulder, and looking up he saw Buldeo with the Tower musket. The children had told the village about the buffalo stampede, and Buldeo went out angrily, only too anxious to correct Mowgli for not taking better care of the herd. The wolves dropped out of sight as soon as they saw the man coming.

"ਇਹ ਕੀ ਹੈ ?" ਬਲਦੇਵ ਨੇ ਗੁੱਸੇ ਦੇ ਨਾਲ ਕਿਹਾ ॥ "ਤੂੰ ਸੋਚਦਾ ਹੈਂ ਕਿ ਚੀਤੇ ਦੀ ਖੱਲ ਲਾਹ ਸਕਦਾ ਹੈਂ ! ਮੱਝਾਂ ਨੇ ਕਿੱਥੇ ਇਨ੍ਹੂ

ਮਾਰਿਆ ? ਇਹ ਭੀ ਲੰਗੜਾ ਚੀਤਾ ਹੈ । ਅਤੇ ਇ੍ਹਧੇ ਸਿਰ ਤੇ ਸੌ ਰੁੱਪਇਏ ਦਾ ਇਨਾਮ ਹੈ ॥ ਚੰਗਾ । ਤੇਰਾ ਇੱਜੜ ਦਾ ਨਠਾਉਣਾ ਅਸੀਂ ਅਨਦੇਖਾ ਕਰ ਦਵਾਂਗੇ । ਅਤੇ ਸ਼ਾਇਦ ਮੈਂ ਤੈਨੂੰ ਇਨਾਮ'ਚੋਂ ਇਕ ਰੁਪੱਇਆ ਭੀ ਦੇ ਦੇਵਾਂਗਾ ਜਦੋਂ ਮੈਂ ਖੱਲ ਕਾਨ੍ਹੀਵਾੜੇ ਲੈਕੇ ਜਾਵਾਂਗਾਂ ॥" ਓਨ੍ਹੇ ਅਪਨੇ ਲੰਗੋਟ'ਚ ਚਮਕੀਲਾ ਪੱਥਰ ਜਿੜ੍ਹਾ ਚੰਗਾੜੀਆਂ ਪੈਦਾ ਕਰਦਾ ਹੈ । ਅਤੇ ਲੋਹੇ ਵਾਸ੍ਤੇ ਲੱਭਿਆ । ਅਤੇ ਹੇਠਾਂ ਝੁਕਿਆ ਕਿ ਸ਼ੇਰ ਖਾਂ ਦੀਆਂ ਮੁਛਾਂ ਦੇ ਵਾਲ ਪੁਟ੍ਹ ਸਕੇ ॥ ਜਿਆਦਾਤਰ ਦੇਸੀ ਸ਼ਿਕਾਰੀ ਚੀਤੇ ਦੀਆਂ ਮੁੱਛਾਂ ਦੇ ਵਾਲ ਪੁਟ੍ਹ ਲੈਂਦੇ ਨੇ ਤਾਕਿ ਓਨ੍ਹਾਂ ਨੂੰ ਚੀਤੇ ਦਾ ਭੂਤ ਨਾਂ ਸਤਾਵੇ ॥

"What is this folly?" said Buldeo angrily. "To think that thou canst skin a tiger! Where did the buffaloes kill him? It is the Lame Tiger too, and there is a hundred rupees on his head. Well, well, we will overlook thy letting the herd run off, and perhaps I will give thee one of the rupees of the reward when I have taken the skin to Khanhiwara." He fumbled in his waist cloth for flint and steel, and stooped down to singe Shere Khan's whiskers. Most native hunters always singe a tiger's whiskers to prevent his ghost from haunting them.

"ਹੰਮ !" ਮਾੜਾ ਜਿਹਾ ਅਪਨੇ ਆਪ ਨੂੰ ਮੁਗਲੀ ਨੇ ਕਿਹਾ । ਜਦੋਂ ਓਨ੍ਹੇ ਇਕ ਅਗਲੇ ਪੰਜੇ ਦੀ ਖੱਲ ਪਿਛਾਂ ਨੂੰ ਲਾਹੀ ॥ "ਤਾਂ ਫੇਰ ਤੂੰ ਖੱਲ ਇਨਾਮ ਵਾਸ੍ਤੇ ਕਾਨ੍ਹੀਵਾੜੇ ਲੈਕੇ ਜਾਏਂਗਾ । ਅਤੇ ਸ਼ਾਇਦ ਮੈਨੂੰ ਇਕ ਰੁਪੱਇਆ ਭੀ ਦੇਵੇਂਗਾ ? ਹੁਣ ਮੇਰੇ ਮਨ'ਚ ਇਕ ਖਿਆਲ ਹੈ ਕਿ ਮੈਨੂੰ ਇਹ ਖੱਲ ਅਪਨੇ ਕੱਮ ਵਾਸ੍ਤੇ ਚਾਹਿਦੀ ਹੈ ॥ ਓਏ ! ਬੁੱਢੇ ਆਦਮੀ । ਇਹ ਬੰਦੂਕ ਪਰੇ ਕਰ !"

"Hum!" said Mowgli, half to himself as he ripped back the skin of a forepaw. "So thou wilt take the hide to Khanhiwara for the reward, and perhaps give me one rupee? Now it is in my mind that I need the skin for my own use. Heh! Old man, take away that fire!"

"ਪਿੰਡ ਦੇ ਮੁਖ ਸ਼ਿਕਾਰੀ ਨਾਲ ਇਹ ਕਿਸ ਤਰ੍ਹਾਂ ਦੀ ਗੱਲ ਹੋਈ ? ਤੇਰੀ ਕਿਸਮਤ'ਤੇ ਤੇਰੀ ਮੱਝਾਂ ਦੀ ਮੂਰਖਤਾ ਨੇ ਤੈਨੂੰ ਇਹ ਮਾਰਨ'ਚ ਮਦਦ ਕੀਤ੍ਰੀ ਹੈ ॥ ਚੀਤੇ ਨੇ ਥੋੜੀ ਦੇਰ ਪਹਿਲਾਂ ਹੀ ਖਾਧਾ ਸੀ । ਨਹੀਂ'ਤੇ ਓਹ ਇਨ੍ਹੇ ਵਕ੍ਤ'ਚ ਵੀਹ ਮੀਲ ਦੂਰ ਚਲਾ ਜਾਉਂਦਾ ॥ ਤੂੰ'ਤੇ ਠੀਕ ਤਰ੍ਹਾਂ ਇ੍ਹਧੀ ਖੱਲ ਭੀ ਨਹੀਂ ਲਾਹ ਸਕਦਾ । ਛੋਟ੍ਹੇ ਸ਼ੈਤਾਨ ਮੰਗਤਿਆ । ਅਤੇ ਮੈਂ ਬਿਲਕੁਲ ਸਚ੍ਚਾ । ਬਲਦੇਵ । ਕਹਿੰਦਾ ਹਾਂ ਕਿ ਇ੍ਹਧੀਆਂ ਮੁੱਛਾਂ ਨਾਂ ਪੁਟ੍ਹ ॥ ਮੁਗਲੀ। ਮੈਂ ਤੈਨੂੰ ਇਨਾਮ ਦਾ ਇਕ ਆਨ੍ਹਾ ਭੀ ਨਹੀਂ ਦੇਵਾਂਗਾ । ਮਗਰ ਤੈਨੂੰ ਬਹੁਤ ਕੁਟਾਪਾ ਚਾੜ੍ਹਾਂਗਾਂ ॥ ਮਰੇ ਹੋਏ ਸ਼ਰੀਰ ਨੂੰ ਛੱਡ ਦੇ !"

"What talk is this to the chief hunter of the village? Thy luck and the stupidity of thy buffaloes have helped thee to this kill. The tiger has just fed, or he would have gone twenty miles by this time. Thou canst not even skin him properly, little beggar brat, and forsooth I, Buldeo, must be told not to singe his whiskers. Mowgli, I will not give thee one anna of the reward, but only a very big beating. Leave the carcass!"

"ਉਸ ਝੋਟ੍ਹੇ ਦੀ ਕਸਮ ਜਿ੍ਹਧੇ ਨਾਲ ਮੇਰਾ ਮੁੱਲ ਪਾਇਆ ਗਇਆ ਸੀ ।" ਮੁਗਲੀ ਨੇ ਕਿਹਾ । ਜੋ ਮੋੱਢੇ ਵੱਲ ਜਾਣਾ ਚਾਹੁੰਦਾ ਸੀ । "ਕਿ

ਮੈਂ ਇਕ ਬੁੱਢੇ ਬਾਂਦਰ ਨਾਲ ਸਾਰੀ ਦੁਪ੍ਹਿਰ ਬੜਬੜਾਉਂਦਾ ਰਹਾਂ ? ਕਲ੍ਹਿਆ । ਇੱਥੇ ਆ । ਇਹ ਆਦਮੀ ਮੈਨੂੰ ਦੁਖੀ ਕਰਨ ਢਿਹਾ ਹੈ ॥"

"By the Bull that bought me," said Mowgli, who was trying to get at the shoulder, "must I stay babbling to an old ape all noon? Here, Akela, this man plagues me."

ਬਲਦੇਵ । ਜੋ ਹਾਲੇ ਭੀ ਸ਼ੇਰ ਖਾਂ ਦੇ ਸਿਰ ਤੇ ਝੁਕਿਆ ਹੋਇਆ ਸੀ । ਨੇ ਅਪਨੇ ਆਪ ਨੂੰ ਘਾਹ'ਤੇ ਪਾਇਆ । 'ਤੇ ਉਧੇ ਉੱਪਰ ਇਕ ਸਲੇਟੀ ਬਘਿਆੜ ਚੜ੍ਹਿਆ ਹੋਇਆ ਸੀ । ਜਦ ਕਿ ਮੁਗਲੀ ਖੱਲ ਲਾਹੁੰਦਾ ਰਿਹਾ ਜਿਵੇਂ ਕਿ ਓਹ ਪੂਰੇ ਹਿੰਦੁਸ੍ਤਾਨ'ਚ ਕਲ੍ਹਾ ਹੋਵੇ ॥

Buldeo, who was still stooping over Shere Khan's head, found himself sprawling on the grass, with a gray wolf standing over him, while Mowgli went on skinning as though he were alone in all India.

"ਹਾਂ - ਆਂ ।" ਦੰਦ ਭੀਚਦੇ ਹੋਏ ਓਨ੍ਹੇ ਕਿਹਾ ॥ "ਤੂੰ ਬਿਲਕੁਲ ਠੀਕ ਕਿਹਾ ਹੈ । ਬਲਦੇਵ ॥ ਤੂੰ ਮੈਨੂੰ ਕਦੇ ਭੀ ਇਨਾਮ ਦਾ ਇਕ ਆਨ੍ਹਾ ਭੀ ਨਹੀਂ ਦੇਵੇਂਗਾ ॥ ਇਸ ਲੰਗੜੇ ਚੀਤੇ'ਤੇ ਮੇਰੇ ਵਿਚਕਾਰ ਇਕ ਪੁਰਾਣੀ ਲੜਾਈ ਹੈ - ਇਕ ਬੜੀ ਪੁਰਾਣੀ ਲੜਾਈ । ਅਤੇ - ਮੈਂ ਇਹ ਜਿਤ੍ਤ ਚੁੱਕਾਂ ਹਾਂ ॥"

"Ye-es," he said, between his teeth. "Thou art altogether right, Buldeo. Thou wilt never give me one anna of the reward. There is an old war between this lame tiger and myself—a very old war, and—I have won."

ਬਲਦੇਵ ਨਾਲ ਨਿਆਂ ਕਰਦੇ ਹੋਏ । ਜੇਕਰ ਓਹ ਦੱਸ ਸਾਲ ਛੋਟ੍ਟਾ ਹੁੰਦਾ ਓਨ੍ਹੇ ਕਲ੍ਹੇ ਨਾਲ ਮੌਕਾ ਲਿਆ ਹੁੰਦਾ ਜੇਕਰ ਓਹ ਬਘਿਆੜ ਨੂੰ ਜੰਗਲ'ਚ ਮਿਲਿਆ ਹੁੰਦਾ । ਮਗਰ ਓਹ ਬਘਿਆੜ ਜੋ ਇਸ ਮੁੰਡੇ ਦਾ ਹੁਕਮ ਮੰਨਦਾ ਸੀ ਜ੍ਹਿਧੀਆਂ ਨਿਜੀ ਲੜਾਈਆਂ ਸੀ ਇਕ ਆਦਮਖੋਰ ਚੀਤੇ ਨਾਲ । ਇਕ ਆਮ ਜਾਨਵਰ ਨਹੀਂ ਸੀ ॥ ਇਹ ਕਾਲਾ ਜਾਦੂ ਸੀ । ਬੜੇ ਮਾੜੇ ਕਿਸਮ ਦਾ ਕਾਲਾ ਜਾਦੂ । ਬਲਦੇਵ ਨੇ ਸੋਚ੍ਹਿਆ । ਅਤੇ ਓਹ ਹਰਾਨ ਹੋਇਆ ਕਿ ਪਤਾ ਨਹੀਂ ਕੀ ਉਧੇ ਗਲੇ'ਚ ਪਾਈ ਹੋਈ ਤਵੀਤੀ ਪਤਾ ਨਹੀਂ ਉਧਾ ਬਚਾ ਕਰੂਗੀ ਕੇ ਨਹੀਂ ॥ ਓਹ ਬਿਨਾ ਹਿਲੇ ਡੁਲੇ ਲਿਟਿਆ ਰਿਹਾ । ਇਸ ਉੱਮੀਦ'ਚ ਕੇ ਕਿਸੇ ਭੀ ਮਿੰਟ ਮੁਗਲੀ ਇਕ ਚੀਤੇ'ਚ ਬਦਲ ਜਾਊਗਾ ॥

To do Buldeo justice, if he had been ten years younger he would have taken his chance with Akela had he met the wolf in the woods, but a wolf who obeyed the orders of this boy who had private wars with man-eating tigers was not a common animal. It was sorcery, magic of the worst kind, thought Buldeo, and he wondered whether the amulet round his neck would protect him. He lay as still as still, expecting every minute to see Mowgli turn into a tiger too.

"ਮਹਾਰਾਜ ! ਮਹਾਨ ਰਾਜਨ ।" ਅਖੀਰ'ਚ ਓਨ੍ਹੇ ਇਕ ਭਾਰੀ ਜਿਹੀ ਅਵਾਜ'ਚ ਕਿਹਾ ॥

"Maharaj! Great King," he said at last in a husky whisper.

"ਹਾਂ ।" ਬਿਨਾ ਅਪਨਾ ਸਿਰ ਘੁਮਾਏ । ਮੂੰਹ'ਚ ਹੌਲੇ ਜਿਹੇ ਹੱਸਦੇ ਹੋਏ । ਮੁਗਲੀ ਨੇ ਕਿਹਾ ॥

"Yes," said Mowgli, without turning his head, chuckling a little.

"ਮੈਂ ਇਕ ਬੁੱਢਾ ਆਦਮੀ ਹਾਂ ॥ ਮੈਨੂੰ ਨਹੀਂ ਸੀ ਪਤਾ ਕਿ ਤੂੰ ਇਕ ਮੱਝਾਂ ਚਰਾਉਨ ਵਾਲੇ ਮੁੰਡੇ'ਤੋਂ ਵੱਧ ਕੁਝ ਸੀ ॥ ਕੀ ਮੈਂ ਉੱਠ ਕੇ ਚਲਾ ਜਾਵਾਂ । ਜਾਂ ਫੇਰ ਤੇਰਾ ਨੌਕਰ ਮੈਨੂੰ ਫਾੜ ਕੇ ਟੋਟ੍ਹੇ ਟੋਟ੍ਹੇ ਕਰ ਦੇਵੇਗਾ ?"



"ਬਲਦੇਵ ਬਿਨਾ ਹਿਲੇ ਡੁਲੇ ਲਿਟਿਆ ਰਿਹਾ । ਇਸ ਉੱਮੀਦ'ਚ ਕਿ ਮੁਗਲੀ ਕਿਸੇ ਭੀ ਮਿੰਟ ਚੀਤੇ'ਚ ਬਦਲ ਜਾਊਗਾ ॥"
"Buldeo lay as still as still, expecting every minute to see Mowgli turn into a tiger, too."

"I am an old man. I did not know that thou wast anything more than a herdsboy. May I rise up and go away, or will thy servant tear me to pieces?"

"ਜਾ । 'ਤੇ ਅਮਨ ਤੇਰੇ ਨਾਲ ਜਾਵੇ ॥ ਸਿਰਫ । ਇਹ ਕਿ ਮੇਰੀ ਖੇਡ'ਚ ਪੰਗਾ ਨਾਂ ਪਾਂਵੀਂ ॥ ਕਲ੍ਹੇ । ਇਨ੍ਹੂ ਜਾਣ ਦੇ ॥"

"Go, and peace go with thee. Only, another time do not meddle with my game. Let him go, Akela."

ਬਲਦੇਵ ਪਿੰਡ ਵਲ ਜਿਨ੍ਹੀ ਤੇਜੀ ਨਾਲ ਜਾ ਸਕਦਾ ਸੀ ਟੁਰ ਪਿਆ । ਅਤੇ ਅਪਨੇ ਮੋਢੇ ਉਤ੍ਹਿਓਂ ਪਿੱਛੇ ਮੁੜ ਕੇ ਵੇਖਦਾ ਰਿਹਾ ਕਿ ਕਿਤੇ ਮੁਗਲੀ ਕਿਸੇ ਭੈੜੀ ਚੀਜ'ਚ ਨਾਂ ਤਬਦੀਲ ਹੋ ਜਾਵੇ ॥ ਜਦੋਂ ਓਹ ਪਿੰਡ ਪਹੁੰਚਿਆ ਓਨ੍ਹੇ ਜਾਦੂ ਟੂਣਾ ਅਤੇ ਕਾਲੇ ਜਾਦੂ ਦੀ ਕਹਾਣੀ ਸੁਨਾਈ ਜੋ ਸੁਣ ਕੇ ਪੰਡਤ ਬੜਾ ਡਰਿਆ ਜਿਹਾ ਲਗ੍ਹਣ ਲਗ੍ਹ ਪਿਆ ॥

Buldeo hobbled away to the village as fast as he could, looking back over his

shoulder in case Mowgli should change into something terrible. When he got to the village he told a tale of magic and enchantment and sorcery that made the priest look very grave.

"ਮੁਗਲੀ ਨੇ ਅਪਨਾ ਕੱਮ ਚਾਲੂ ਰੱਖਿਆ । ਮਗਰ ਸ਼ਾਮ ਪੈ ਚੱਲੀ ਸੀ ਇਸਤੋਂ ਪਹਿਲਾਂ ਕਿ ਓਹ'ਤੇ ਬਘਿਆੜ ਸ਼ਰੀਰ'ਤੋਂ ਸਾਰੀ ਵਧੀਆ ਚਮੜੀ ਹਟਾ ਸਕਦੇ ॥"

Mowgli went on with his work, but it was nearly twilight before he and the wolves had drawn the great gay skin clear of the body.

"ਹੁਣ ਸਾਨੂੰ ਇਸ ਨੂੰ ਛਿਪਾ ਕੇ ਮੱਝਾਂ ਨੂੰ ਘਰ ਲੈ ਜਾਣਾ ਚਾਹਿਦਾ ਹੈ ! ਕਲ੍ਹਿਆ । ਇਨ੍ਹਾਂ ਨੂੰ ਕੱਠਾ ਕਰਨ'ਚ ਮੇਰੀ ਮਦਦੂ ਕਰ ॥"

"Now we must hide this and take the buffaloes home! Help me to herd them, Akela."

ਇੱਜੜ ਧੁੰਦ ਭਰੀ ਸ਼ਾਮ'ਚ ਕੱਠਾ ਹੋ ਗਿਆ । ਅਤੇ ਜਦੋਂ ਓਹ ਪਿੰਡ ਨੇੜ੍ਹੇ ਪਹੁੰਚੇ ਮੁਗਲੀ ਨੂੰ ਬਤ੍ਤੀਆਂ ਦਿੱਖੀਆਂ । ਅਤੇ ਮੰਦਰ'ਚ ਸ਼ੰਖ ਅਤੇ ਟਲੱਲੀਆਂ ਵੱਜਦੀਆਂ ਸੁਣੀਆਂ ॥ ਕੁਝ ਅੱਧਾ'ਕ ਪਿੰਡ ਉਸਦਾ ਇੰਤਜਾਰ ਪਿੰਡ ਦੇ ਦਰਵਾਜੇ'ਤੇ ਕਰਦਾ ਪਿਆ ਜਾਪਦਾ ਸੀ ॥ "ਇਹ ਇਸ ਲਈ ਕਿਓਂਕਿ ਮੈਂ ਸ਼ੇਰ ਖਾਂ ਨੂੰ ਮਾਰਿਆ ਹੈ ।" ਓਨ੍ਹੇ ਅਪਨੇ ਆਪ ਨੂੰ ਕਿਹਾ ॥ ਮਗਰ ਪੱਥਰਾਂ ਦੀ ਵਾਛੜ ਦੀ ਅਵਾਜ ਉਧੇ ਕੱਨਾਂ'ਚ ਪਈ । ਅਤੇ ਪੈਂਡੂ ਚੀਕੇ : ਜਾਦੂਗਰ ! ਬਘਿਆੜ ਦਾ ਬਚ੍ਹਾ ! ਜੰਗਲੀ ਸ਼ੈਤਾਨ ! ਦੂਰ ਚਲਿਆ ਜਾ ! ਛੇਤ੍ਤੀ ਇਥੋਂ ਚਲਾ ਜਾ ਨਹੀਂ ਤੇ ਪੰਡਤ ਨੇ ਤੈਨੂੰ ਫੇਰ'ਤੋਂ ਬਘਿਆੜ ਬਣਾ ਦੇਨਾ ਹੈ ॥ ਗੋਲੀ ਮਾਰ ਬਲਦੇਵ । ਗੋਲੀ ਮਾਰ !"

The herd rounded up in the misty twilight, and when they got near the village Mowgli saw lights, and heard the conches and bells in the temple blowing and banging. Half the village seemed to be waiting for him by the gate. "That is because I have killed Shere Khan," he said to himself. But a shower of stones whistled about his ears, and the villagers shouted: "Sorcerer! Wolf's brat! Jungle demon! Go away! Get hence quickly or the priest will turn thee into a wolf again. Shoot, Buldeo, shoot!"

ਪੁਰਾਣੀ ਬੰਦੂਕ ਠਾਹ ਕਰਕੇ ਚੱਲੀ ਅਤੇ ਇਕ ਛੋਟ੍ਹੀ ਮੱਝ ਦਰ੍ਹ ਨਾਲ ਚੰਘਾੜੀ ॥

The old Tower musket went off with a bang, and a young buffalo bellowed in pain.

"ਹੋਰ ਕਾਲਾ ਜਾਦੂ !" ਪਿੰਡ ਵਾਲੇ ਚੀੱਕੇ ॥ "ਇਹ ਗੋਲੀਆਂ ਦਾ ਮੂੰਹ ਮੋੜ ਸਕਦਾ ਹੈ ॥ ਬਲਦੇਵ । ਓਹ ਤੇਰੀ ਮੱਝ ਸੀ ॥"

"More sorcery!" shouted the villagers. "He can turn bullets. Buldeo, that was thy buffalo."

"ਹੁਣ ਇਹ ਕੀ ਹੈ ?" ਮੁਗਲੀ ਨੇ ਹੈਰਾਨ ਹੁੰਦੇ ਹੋਏ ਕਿਹਾ । ਜਦ ਕਿ ਪੱਥਰਾਂ ਦਾ ਵਰ੍ਹਨਾ ਹੋਰ ਤੇਜ ਹੋ ਗਿਆ ॥

"Now what is this?" said Mowgli, bewildered, as the stones flew thicker.

"ਇਹ ਤੇਰੇ ਭਰਾ । ਦਲ'ਤੋਂ ਕੋਈ ਵੱਖਰੇ ਨਹੀਂ ਹਣ ।" ਕਲ੍ਹੇ ਨੇ ਬੜੇ ਸੰਜੀਦਾ ਹੋ ਕੇ ਬੈਂਹ੍ਹ ਹੋਏ ਕਿਹਾ ॥ "ਮੇਰੇ ਦਿਮਾਗ'ਚ ਇਹ ਹੈ ਕਿ । ਜੇ ਇਨ੍ਹਾਂ ਗੋਲੀਆਂ ਦਾ ਕੁਝ ਮਤਲਬ ਹੈ । 'ਤੇ ਓਹ ਤੈਨੂੰ ਬਾਹਰ ਕੱਢ ਦੇਣਗੇ ॥"

"They are not unlike the Pack, these brothers of thine," said Akela, sitting down composedly. "It is in my head that, if bullets mean anything, they would cast thee out."

"ਬਘਿਆੜ ! ਬਘਿਆੜ ਦਾ ਬਲੂੰਗੜਾ ! ਦੂਰ ਚਲਿਆ ਜਾ !" ਪੰਡਤ ਹੱਥ'ਚ ਪਵਿਤ੍ਰੁਰ ਤੁਲਸੀ ਦੀ ਟ੍ਹਾਣੀ ਫੱੜਕੇ ਚੀਕਿਆ ॥

"Wolf! Wolf's cub! Go away!" shouted the priest, waving a sprig of the sacred tulsi plant.

"ਫੇਰ ? ਪਿਛਲੀ ਵਾਰ ਇਸ ਕਰਕੇ ਕਿ ਮੈਂ ਆਦਮੀ ਸੀ ॥ ਇਸ ਵਾਰੀ ਕਿਓਂਕਿ ਮੈਂ ਬਘਿਆੜ ਹਾਂ ॥ ਚਲ ਆਪਾਂ ਚੱਲਿਏ । ਕਲ੍ਹਿਆ ॥"

"Again? Last time it was because I was a man. This time it is because I am a wolf. Let us go, Akela."

ਇਕ ਜਨਾਨੀ - ਇਹ ਮਸੂਆ ਸੀ - ਨ੍ਹੱਸ ਕੇ ਇੱਜੜ ਵੱਲ ਆਈ । ਅਤੇ ਰੋਈ : "ਓਹ। ਮੇਰੇ ਪੁਤ੍ਰੁਰ । ਮੇਰੇ ਪੁਤ੍ਰੁਰ ! ਓਹ ਕਹਿੰਦੇ ਨੇ ਕੇ ਤੂੰ ਕਾਲਾ ਜਾਦੂਗਰ ਹੈਂ'ਤੇ ਅਪਨੀ ਮਰਜੀ ਨਾਲ ਇਕ ਹੈਵਾਨ'ਚ ਤਬਦੀਲ ਹੋ ਸਕਦਾ ਹੈਂ ॥ ਮੈਨੂੰ ਇ੍ਹਧੇ'ਤੇ ਯਕੀਨ ਨਹੀਂ ਹੈ । ਪਰ ਤੂੰ ਦੂਰ ਚਲੇ ਜਾ ਨਹੀਂ ਤੇ ਇਹ ਤੈਨੂੰ ਮਾਰ ਸਿਟ੍ਹਣਗੇ ॥ ਬਲਦੇਵ ਕਹਿੰਦਾ ਹੈ ਕਿ ਤੂੰ ਜਾਦੂਗਰ ਹੈਂ । ਪਰ ਮੈਂ ਜਾਣਦੀ ਹਾਂ ਕਿ ਤੂੰ ਨੱਥੂ ਦੀ ਮੌਤ ਦਾ ਬਦਲਾ ਲੈ ਲਿਆ ਹੈ ॥"

A woman—it was Messua—ran across to the herd, and cried: "Oh, my son, my son! They say thou art a sorcerer who can turn himself into a beast at will. I do not believe, but go away or they will kill thee. Buldeo says thou art a wizard, but I know thou hast avenged Nathoo's death."

"ਵਾਪਿਸ ਆ । ਮਸੂਆ !" ਭੀੜ ਚੀੱਕੀ ॥ "ਵਾਪਿਸ ਆ । ਨਹੀਂ ਤੇ ਅਸੀਂ ਤੈਨੂੰ ਪੱਥਰ ਮਾਰਾਂਗੇ ॥"

"Come back, Messua!" shouted the crowd. "Come back, or we will stone thee."

ਮੁਗਲੀ ਮਾੜਾ ਜਿਹਾ ਭੈੜਾ ਹਾੱਸਾ ਹੱਸਿਆ । ਕਿਓਂਕਿ ਇਕ ਪੱਥਰ ਓ੍ਹਧੇ ਮੂੰਹ ਤੇ ਵੱਜਾ ਸੀ ॥ "ਵਾਪਿਸ ਨ੍ਹੱਸ ਜਾ । ਮਸੂਆ ॥ ਇਹ ਇਕ ਬੇਵਕੂਫੀ ਭਰੀ ਕਹਾਣੀ ਹੈ ਜਿਤ੍ਹੀ ਇਹ ਵੱਢੇ ਦ੍ਰਖ਼ੁ ਹੇਠਾਂ ਸ਼ਾਮ ਨੂੰ ਸੁਣਾਉਂਦੇ ਨੇ ॥ ਮੈਂ ਘਟ੍ਹੋ ਘਟ੍ਹ ਤੇਰੇ ਪੁਤ੍ਰੁਰ ਦੀ ਜਾਨ ਦੀ ਕੀਮਤ ਅਦਾ ਕਰ ਦਿਤ੍ਹੀ ਹੈ ॥ ਅਲਵਿਦਾ ॥ ਅਤੇ ਛੇਤ੍ਹੀ ਨ੍ਹੱਸ । ਕਿਓਂਕਿ ਮੈਂ ਇੱਜੜ ਨੂੰ ਓਨ੍ਹਾਂ ਦੇ ਰੋੜਿਆਂ ਤੋਂ ਭੀ ਤੇਜ ਰਫਤਾਰ

ਨਾਲ ਭੇਜਾਗਾਂ ॥ ਮੈਂ ਕੋਈ ਜਾਦੂਗਰ ਨਹੀਂ । ਮਸੂਆ ॥ ਅਲਵਿਦਾ !"

Mowgli laughed a little short ugly laugh, for a stone had hit him in the mouth. "Run back, Messua. This is one of the foolish tales they tell under the big tree at dusk. I have at least paid for thy son's life. Farewell; and run quickly, for I shall send the herd in more swiftly than their brickbats. I am no wizard, Messua. Farewell!"

"ਹੁਣ ਇਕ ਵਾਰੀ ਫੇਰ ਕਲ੍ਹਿਆ ।" ਓਹ ਰੋਇਆ ॥ "ਇੱਜੜ ਨੂੰ ਲੈ ਆ ॥"

"Now, once more, Akela," he cried. "Bring the herd in."

ਮੱਝਾਂ ਪਿੰਡ ਜਾਂਣ ਵਾਸ੍ਤੇ ਬੜੀਆਂ ਬੇਤਾਬ ਸੀ ॥ ਓਨ੍ਹਾਂ ਨੂੰ ਕਲ੍ਹੇ ਦੇ ਮਾੜਾ ਜਿਹਾ ਕਹਿਣ ਭਰ ਦੀ ਭੀ ਲੋੜ ਨਹੀਂ ਸੀ । ਪਰ ਦਰਵਾਜੇ ਚੋਂ ਇੰਝ ਧਾਵਾ ਬੋੱਲਿਆ ਜਿਵੇਂ ਵਰੋਲਾ । 'ਤੇ ਭੀੜ ਨੂੰ ਤਿਤਰ ਬਿਤਰ ਕਰ ਦਿਤ੍ਤਾ ॥

The buffaloes were anxious enough to get to the village. They hardly needed Akela's yell, but charged through the gate like a whirlwind, scattering the crowd right and left.

"ਗਿਨਤੀ ਕਰ ਲਿਓ!" ਮੁਗਲੀ ਨੇ ਗੁੱਸੇ ਨਾਲ ਕਿਹਾ ॥ "ਹੋ ਸਕਦਾ ਹੈ ਕਿ ਮੈਂ ਇਨ੍ਹਾਂ'ਚੋਂ ਇਕ ਦੀ ਚੋਰੀ ਕਰ ਲਈ ਹੋਵੇ ॥ ਗਿਨਤੀ ਕਰ ਲਿਓ । ਕਿਓਂਕਿ ਹੁਣ'ਤੋਂ ਮੈ ਮੱਝਾਂ ਨਹੀਂ ਚਾਰਨਿਆਂ ॥ ਤੁਹਾਨੂੰ ਸਭ ਨੂੰ ਅਲਵਿਦਾ । ਇਨਸਾਨ ਦੀ ਔਲਾਦ । ਅਤੇ ਮਸੂਆ ਦਾ ਸ਼ੁਕ੍ਰਿਆ ਅਦਾ ਕਰੋ ਕਿ ਮੈਂ ਅਪਨੇ ਬਘਿਆੜ ਲਿਆ ਕੇ ਤੁਹਾੱਡਾ ਸ਼ਿਕਾਰ ਤੁਹਾੱਡੀਆਂ ਹੀ ਗਲੀਆਂ'ਚ ਨਾਂ ਕਰਾਂ ॥"

"Keep count!" shouted Mowgli scornfully. "It may be that I have stolen one of them. Keep count, for I will do your herding no more. Fare you well, children of men, and thank Messua that I do not come in with my wolves and hunt you up and down your street."

ਓਹ ਅਪਨੀਆਂ ਅੱਡੀਆਂ'ਤੇ ਮੁੜਿਆ ਅਤੇ ਕਲ੍ਹੇ ਬਘਿਆੜ ਨਾਲ ਦੂਰ ਚਲਾ ਗਿਆ । ਜਿਵੇਂ ਓਨ੍ਹੇਂ ਉੱਪਰ ਤਾਰੇ ਵੇਖੇ ਓਨ੍ਹ ਬੜੀ ਖੁਸ਼ੀ ਮਹਿਸੂਸ ਹੋਈ ॥ "ਹੁਣ'ਤੋਂ ਮੇਰਾ ਸੋਣਾ ਕੁੜਿਕੀਆਂ'ਚ ਬੰਦ । ਕਲ੍ਹਿਆ ॥ ਚੱਲ ਸ਼ੇਰ ਖਾਂ ਦੀ ਖੱਲ ਚੁੱਕਿਏ'ਤੇ ਚੱਲਿਏ ॥ ਨਹੀਂ । ਅਸੀਂ ਪਿੰਡ ਦਾ ਨੁਕਸਾਨ ਨਹੀਂ ਕਰਨਾ । ਕਿਓਂਕਿ ਮਸੂਆ ਨੇ ਮੇਰੇ'ਤੇ ਬੜੀ ਕਿਰਪਾ ਕੀਤ੍ਤੀ ਸੀ ॥"

He turned on his heel and walked away with the Lone Wolf, and as he looked up at the stars he felt happy. "No more sleeping in traps for me, Akela. Let us get Shere Khan's skin and go away. No, we will not hurt the village, for Messua was kind to me."

ਜਦੋਂ ਮਦਾਨ'ਤੇ ਚੰਦ੍ਰਮਾਂ ਚੜ੍ਹਿਆ । ਸਭ ਕੁਝ ਦੁਧ ਵਰਗਾ ਚਿਟ੍ਟਾ ਦਿਖਨ ਲਗ੍ਗ ਪਿਆ । ਡਰੇ ਹੋਏ ਪੇਂਡੂਆਂ ਨੇ ਮੁਗਲੀ ਨੂੰ ਸਿਰ'ਤੇ ਇਕ ਪੰਡ ਚੁੱਕੀ । ਦੋ ਬਘਿਆੜਾਂ ਨੂੰ ਉਧੇ ਮਗਰ ਤੇਜੀ ਨਾਲ ਟੁਰਦੇ ਹੋਏ ਉਸ ਚਾਲ'ਚ ਵੇਖਿਆ । ਜਿੜ੍ਹੀ ਬਘਿਆੜ ਚਾਲ ਲੰਮੇ

ਮੀਲ ਅਗ੍ਹ ਵਾਂਗ ਖਾ ਜਾਉਂਦੀ ਹੈ ॥ ਤਾਂ ਫੇਰ ਓਨ੍ਹਾਂ ਨੇ ਮੰਦਰ ਦੀਆਂ ਟੱਲੀਆਂ'ਤੇ ਸ਼ੰਖ ਇਨ੍ਹੇ ਜੋਰ ਦੇ ਵਜਾਏ ਕਿ ਜਿਨ੍ਹੇ ਅੱਜ ਤਾਂਈ ਨਹੀਂ ਸੀ ਵਜਾਏ ॥ ਅਤੇ ਮਸੂਆ ਰੋਈ । ਅਤੇ ਬਲਦੇਵ ਨੇ ਅਪਨੀ ਜੰਗਲ ਦੀ ਜਾਂਬਾਜੀ ਦੀ ਕਹਾਣੀਆਂ ਦੀ ਕਢਾਈ ਕੀਤੀ । ਜਦ ਤਕ ਕਿ ਓਨ੍ਹੇ ਕਹਾਣੀ ਇਹ ਕਹਕੇ ਖਤਮ ਨਾਂ ਕੀਤ੍ਰੀ ਕਿ ਕਲ੍ਹਾ ਅਪਨੇ ਪਿਛਲੇ ਪੈਰਾਂ'ਤੇ ਖੜਾ ਹੋਕੇ ਆਦਮੀਆਂ ਵਾਂਗ ਬੋੱਲਿਆ ॥

When the moon rose over the plain, making it look all milky, the horrified villagers saw Mowgli, with two wolves at his heels and a bundle on his head, trotting across at the steady wolf's trot that eats up the long miles like fire. Then they banged the temple bells and blew the conches louder than ever. And Messua cried, and Buldeo embroidered the story of his adventures in the jungle, till he ended by saying that Akela stood up on his hind legs and talked like a man.



"ਜਦੋਂ ਮਦਾਨ'ਚ ਚੰਨ ਚੜ੍ਹਿਆ ਪੇਂਡੂਆਂ ਨੇ ਮੁਗਲੀ ਨੂੰ ਦੁੜਕੀ ਚਾਲ'ਚ ਟੁਰਦਿਆਂ ਵੇੱਖਿਆ । ਅਤੇ ਦੋ ਬਘਿਆੜ ਓੁਧੇ ਮਗਰ ਸੀ ॥"

"When the moon rose over the plain the villagers saw Mowgli trotting across, with two wolves at his heels."

ਚੰਦ੍ਰਮਾਂ ਛਿਪ ਹੀ ਰਿਹਾ ਸੀ ਜਦੋਂ ਮੁਗਲੀ'ਤੇ ਦੋ ਬਘਿਆੜ ਪੰਚਾਇਤੀ ਥੜ੍ਹੇ ਵਾਲੀ ਪ੍ਹਾੜੀ'ਤੇ ਆਏ । ਅਤੇ ਓਹ ਮਾਤਾ ਬਘਿਆੜ ਦੀ ਗੁਫਾ'ਤੇ ਰੁੱਕ ਗਏ ॥

The moon was just going down when Mowgli and the two wolves came to the hill of the Council Rock, and they stopped at Mother Wolf's cave.

"ਮਾਂ । ਓਨ੍ਹਾਂ ਨੇ ਮੈਨੂੰ ਆਦਮੀਆਂ ਦੇ ਦਲ'ਚੋਂ ਕੱਢ ਦਿਤ੍ਤਾ ਹੈ ।" ਮੁਗਲੀ ਜੋਰ ਦੀ ਚੀਕਿਆ । "ਮਗਰ ਮੈਂ ਸ਼ੇਰ ਖਾਂ ਦੀ ਖੱਲ ਨਾਲ ਅਪਨੀ ਗੱਲ ਰੱਖਨ ਕਰਕੇ ਆਇਆ ਹਾਂ ॥"

"They have cast me out from the Man-Pack, Mother," shouted Mowgli, "but I come with the hide of Shere Khan to keep my word."

ਮਾਤਾ ਬਘਿਆੜ ਆਕੜ ਕੇ ਗੁਫਾ ਦੇ ਬਾਹਰ ਆਈ'ਤੇ ਉਧੇ ਬਲੂੰਗੜੇ ਉਧੇ ਮਗਰ ਸੀ । ਅਤੇ ਉਧੀਆਂ ਅੱਖਾਂ ਚਮਕ ਉੱਠਿਆਂ ਜਿਵੇਂ ਹੀ ਓਨ੍ਹੇ ਖੱਲ ਵੇਖੀ ॥

Mother Wolf walked stiffly from the cave with the cubs behind her, and her eyes glowed as she saw the skin.

"ਮੈਂ ਓਨ੍ਹੂ ਉਸ ਦਿਨ ਦੱਸਿਆ ਸੀ । ਜਿਸ ਦਿਨ ਓਨ੍ਹੇ ਅਪਨਾ ਸਿਰ'ਤੇ ਮੋਢੇ ਇਸ ਗੁਫਾ'ਚ ਫਸਾਏ ਸੀ । ਤੇਰੀ ਜਿੰਦਗੀ ਦਾ ਸ਼ਿਕਾਰ ਕਰਨ ਵਾਸ੍ਤੇ । ਛੋਟ੍ਹੇ ਡੱਡੂਆ - ਮੈ ਓਨ੍ਹੂ ਦੱਸਿਆ ਸੀ ਕਿ ਸ਼ਿਕਾਰੀ ਦਾ ਸ਼ਿਕਾਰ ਹੋਵੇਗਾ ॥ ਇਹ ਵਧੀਆ ਕੱਮ ਹੋਇਆ ਹੈ ॥"

"I told him on that day, when he crammed his head and shoulders into this cave, hunting for thy life, Little Frog—I told him that the hunter would be the hunted. It is well done."

"ਛੋਟ੍ਹੇ ਭਰਾ । ਇਹ ਵਧੀਆ ਹੋਇਆ ਹੈ ।" ਇਕ ਭਾਰੀ ਅਵਾਜ ਨੇ ਸੰਘਣੇ ਜੰਗਲ'ਚ ਕਿਹਾ ॥ "ਅਸੀਂ ਜੰਗਲ'ਚ ਤੇਰੇ ਬਿਨਾ ਕਲ੍ਹੇ ਸੀ ।" ਅਤੇ ਬਘੀਰਾ ਮੁਗਲੀ ਦੇ ਨੰਗੇ ਪੈਰਾਂ ਵੱਲ ਨੱਸ੍ਹਿਆ ਆਇਆ ॥ ਓਹ ਪੰਚਾਇਤੀ ਥੜ੍ਹੇ ਵੱਲ ਕੱਠੇ ਟੁਰ ਪਏ । ਅਤੇ ਮੁਗਲੀ ਨੇ ਪਧਰੇ ਪੱਥਰ'ਤੇ ਖੱਲ ਖਿਲਾਰ ਦਿਤ੍ਤੀ ਜਿੱਥੇ ਕਲ੍ਹਾ ਬੈਠਿਆ ਕਰਦਾ ਸੀ। ਅਤੇ ਬਾਂਸ ਦੇ ਚਾਰ ਚਿੱਪਰਾਂ ਨਾਲ ਕੱਸ ਦਿਤ੍ਤੀ । ਅਤੇ ਕਲ੍ਹਾ ਉਧੇ ਉੱਪਰ ਚੜ੍ਹਕੇ ਬੈਹ ਗਿਆ । ਅਤੇ ਪੁਰਾਨੀ ਸਦ੍ਦੂ ਲਈ ਅਵਾਜ ਪੰਚਾਇਤ ਬੁਲਾਉਣ ਵਾਸ੍ਤੇ ਕੱਢੀ । "ਵੇੱਖੋ - ਚੰਗੀ ਤਰ੍ਹਾਂ ਵੇਖੋ । ਓਹ ਬਘਿਆੜੋ" ਬਿਲਕੁਲ ਉੱਙ ਹੀ ਜਦੋਂ ਮੁਗਲੀ ਨੂੰ ਓੱਥੇ ਪਹਲੀ ਵਾਰ ਲਿਆਇਆ ਗਿਆ ਸੀ ॥

"Little Brother, it is well done," said a deep voice in the thicket. "We were lonely in the jungle without thee," and Bagheera came running to Mowgli's bare feet. They clambered up the Council Rock together, and Mowgli spread the skin out on the flat stone where Akela used to sit, and pegged it down with four slivers of bamboo, and Akela lay down upon it, and called the old call to the Council, "Look—look well, O Wolves," exactly as he had called when Mowgli was first brought there.

ਜਦੋਂ'ਤੋਂ ਕਲ੍ਹੇ ਨੂੰ ਸਰਦਾਰੀ'ਤੋਂ ਬੇਦਖਲ ਕੀਤ੍ਤਾ ਗਿਆ ਹੈ । ਦਲ ਕਿਸੇ ਸਰਦਾਰ'ਤੋਂ ਬਿਨਾ ਹੀ । ਜਦੋਂ ਓਨ੍ਹਾਂ ਦਾ ਦਿਲ ਕਰਦਾ ਹੈ ਸ਼ਿਕਾਰ ਕਰਦਾ ਹੈ'ਤੇ ਲੜਦਾ ਹੈ ॥ ਮਗਰ ਓਨ੍ਹਾਂ ਨੇ ਆਦਤ ਵੱਜੋਂ ਸਦ੍ਦੂ ਲਈ ਲਗਾਈ ਅਵਾਜ ਦਾ ਜਵਾਬ ਦਿਤ੍ਤਾ । ਅਤੇ ਕੁਛ ਕੁੜਿਕੀ'ਚ ਫੱਸਣ ਕਰਕੇ ਲੰਗੜੇ ਹੋ ਗਏ ਸੀ । ਅਤੇ ਕੁਛ ਗੋਲੀ ਵੱਜਣ ਦੇ ਜੱਖਮਾਂ ਕਰਕੇ ਲੰਗ ਮਾਰਦੇ ਸੀ । ਅਤੇ ਕੁਛ ਖਰਾਬ ਭੋਜਨ ਖਾਣ ਕਰਕੇ ਖੁਰਕ ਦੇ ਮਾਰੇ ਹੋਏ ਸੀ । ਅਤੇ ਕਈ ਲਾਪਤਾ ਸੀ ॥ ਮਗਰ ਓਹ ਸਾਰੇ ਪੰਚਾਇਤੀ ਥੜ੍ਹੇ'ਤੇ ਆਏ । ਜੋ ਭੀ ਬਚ ਖੁਚ ਗਏ ਸੀ । ਅਤੇ ਓਨ੍ਹਾਂ ਨੇ ਸ਼ੇਰ ਖਾਂ ਦੀ ਧਾਰੀਦਾਰ ਖੱਲ ਨੂੰ ਪੰਚਾਇਤੀ ਥੜ੍ਹੇ'ਤੇ ਵੇਖਿਆ । ਅਤੇ ਵੱਢੇ ਪੰਜੇ ਖਾਲੀ ਪੈਰਾਂ ਦੇ ਅਖੀਰ'ਚ ਲਟਕਦੇ ਪਏ ਸੀ ॥ ਉਸ ਵਕ੍ਤ ਮੁਗਲੀ ਨੇ ਇਕ ਗੀਤ ਬਨਾਇਆ । ਇਕ ਇਹੋ ਜਿਹਾ ਗੀਤ ਜਿਹੜਾ ਉਧੇ ਮੂੰਹ'ਚ ਅਪਨੇ ਆਪ ਆ ਗਿਆ ਸੀ । ਅਤੇ ਓਹ ਜੋਰ ਦੀ ਚੀਕਿਆ । ਛਣਕਦੀ ਖੱਲ ਦੇ ਉੱਪਰ ਹੇਠਾਂ ਕਦਮ ਪੁਟ੍ਟਦਾ ਰਿਹਾ । ਅਤੇ ਜਦੋਂ ਤਕ ਉਧਾ ਸਾਹ ਨਹੀਂ ਸੁੱਕ ਗਿਆ ਅਪਨੀਆਂ ਅੱਡੀਆਂ ਨਾਲ ਸਮੇਂ ਨੂੰ ਕੁਟ੍ਟਦਾ ਰਿਹਾ । ਜਦੋਂ ਕਿ ਸਲੇਟੀ ਭਰਾ ਅਤੇ ਕਲ੍ਹਾ ਤੁਕਾਂ ਦੇ ਵਿਚ ਵਿਚ ਭੌਂਕ ਦੇਂਦੇ ਸੀ ॥

Ever since Akela had been deposed, the Pack had been without a leader, hunting and fighting at their own pleasure. But they answered the call from habit; and some of them were lame from the traps they had fallen into, and some limped from shot wounds, and some were mangy from eating bad food, and many were missing. But they came to the Council Rock, all that were left of them, and saw Shere Khan's striped hide on the rock, and the huge claws dangling at the end of the empty dangling feet. It was then that Mowgli made up a song that came up into his throat all by itself, and he shouted it aloud, leaping up and down on the rattling skin, and beating time with his heels till he had no more breath left, while Gray Brother and Akela howled between the verses.

"ਚੰਗੀ ਤਰ੍ਹਾਂ ਵੇਖੋ। ਓਹ ਬਘਿਆੜੋ॥ ਕਿ ਮੈਂ ਅਪਨੀ ਗੱਲ ਰੱਖੀ ?" ਮੁਗਲੀ ਨੇ ਕਿਹਾ॥ ਅਤੇ ਬਘਿਆੜ ਬੋਲੇ "ਹਾਂ।" ਅਤੇ ਇਕ ਮਰਿਆ ਜਿਹਾ ਬਘਿਆੜ ਭੌਂਕਿਆ :

"Look well, O Wolves. Have I kept my word?" said Mowgli. And the wolves bayed "Yes," and one tattered wolf howled:

"ਸਾੱਢੀ ਫੇਰ'ਤੋਂ ਸਰਦਾਰੀ ਕਰ। ਓਹ ਕਲ੍ਹਿਆ॥ ਫੇਰ ਤੋਂ ਸਰਦਾਰੀ ਕਰ। ਓਹ ਆਦਮੀ ਦੇ ਬਲੂੰਗੜਿਆ। ਕਿਓਂਕਿ ਅਸੀਂ ਇਸ ਅਰਾਜਕਤਾ'ਤੋਂ ਤੰਗ ਆ ਚੁੱਕੇ ਹਾਂ। ਅਤੇ ਇਕ ਵਾਰੀ ਫੇਰ ਅਜਾਦ ਲੋਕ ਹੋਣਾ ਚਾਹੁੰਦੇ ਹਾਂ॥"

"Lead us again, O Akela. Lead us again, O Man-cub, for we be sick of this lawlessness, and we would be the Free People once more."

"ਨਹੀਂ।" ਬਘੀਰਾ ਮਮਿਆਇਆ। "ਇਹ ਨਹੀਂ ਹੋ ਸਕਦਾ॥ ਜਦੋਂ ਤੁਸੀਂ ਰੱਜੇ ਹੋਵੋਂਗੇ। ਤਾਂ ਤੁਹਾਡੇ'ਤੇ ਪਾਗਲਪਨ ਦਾ ਦੌਰਾ ਫੇਰ ਪੈਹ ਜਾਣਾ ਹੈ॥ ਤੁਸੀਂ ਐਂਵੇ ਹੀ ਨਹੀਂ ਅਜਾਦ ਲੋਕ ਕਹਾਉਂਦੇ ਹੋ॥ ਤੁਸੀਂ ਅਜਾਦੀ ਵਾਸ੍ਤੇ ਲੜਾਈ ਲੜੀ ਹੈ। ਅਤੇ ਇਹ ਤੁਹਾਡੀ ਹੈ॥ ਇਸ ਨੂੰ ਖਾਓ। ਓਹ ਬਘਿਆੜੋ॥

"Nay," purred Bagheera, "that may not be. When ye are full-fed, the madness may come upon you again. Not for nothing are ye called the Free People. Ye fought for freedom, and it is yours. Eat it, O Wolves."

"ਆਦਮੀਆਂ ਦੇ ਦਲ ਅਤੇ ਬਘਿਆੜਾਂ ਦੇ ਦਲ ਨੇ ਮੈਨੂੰ ਕੱਢ ਦਿਤ੍ਤਾ ਹੈ।" ਮੁਗਲੀ ਨੇ ਕਿਹਾ॥ "ਹੁਣ ਮੈਂ ਜੰਗਲ'ਚ ਕਲ੍ਹਾ ਹੀ ਸ਼ਿਕਾਰ ਕਰਾਂਗਾ॥"

"Man-Pack and Wolf-Pack have cast me out," said Mowgli. "Now I will hunt alone in the jungle."

"ਅਤੇ ਅਸੀਂ ਤੇਰੇ ਨਾਲ ਸ਼ਿਕਾਰ ਕਰਾਂਗੇ।" ਚਾਰੋਂ ਬਲੂੰਗੜਿਆਂ ਨੇ ਕਿਹਾ॥

"And we will hunt with thee," said the four cubs.

ਸੋ ਮੁਗਲੀ ਚਲਾ ਗਿਆ ਅਤੇ ਉਸ ਦਿਨ ਤੋਂ ਬਾਦ ਓਨ੍ਹੇ ਚਾਰਾਂ ਬਲੂੰਗੜਿਆਂ ਨਾਲ ਜੰਗਲ'ਚ ਸ਼ਿਕਾਰ ਕੀਤ੍ਹਾ ॥ ਮਗਰ ਓਹ ਹਮੇਸ਼ਾਂ ਕਲ੍ਹਾ ਨਹੀਂ ਰਿਹਾ । ਕਿਓਂਕਿ । ਕਈ ਸਾਲਾਂ ਬਾਦ । ਓਹ ਆਦਮੀ ਹੋ ਗਿਆ ਅਤੇ ਓਨ੍ਹੇ ਵਿਆਹ ਕਰ ਲਿਆ ॥

So Mowgli went away and hunted with the four cubs in the jungle from that day on. But he was not always alone, because, years afterward, he became a man and married.

ਮਗਰ ਇਹ ਕਹਾਣੀ ਵੱਢੇ ਲੋਕਾਂ ਵਾਸ੍ਤੇ ਹੈ ॥

But that is a story for grown-ups.



"ਓਹ ਪੰਚੈਤੀ ਥੜ੍ਹੇ'ਤੇ ਕੱਠੇ ਚੜ੍ਹੇ । ਅਤੇ ਮੁਗਲੀ ਨੇ ਪਧਰੇ ਪੱਥਰ'ਤੇ ਚਮੜੀ ਖਲਾਰ ਦਿਤ੍ਤੀ ॥"
"They clambered up on the council rock together, and Mowgli spread the skin out on the flat stone."

# ਮੁਗਲੀ ਦਾ ਗੀਤ

# Mowgli's Song

ਜਿੜ੍ਹਾ ਓਨ੍ਹੇ ਪੰਚਾਇਤੀ ਥੜ੍ਹੇ'ਤੇ ਗਾਇਆ ਸੀ ਜਦੋਂ ਓਹ
THAT HE SANG AT THE COUNCIL ROCK WHEN HE
ਸ਼ੇਰ ਖਾਂ ਦੀ ਖੱਲ'ਤੇ ਨ੍ਹਚਿਆ ਸੀ ॥
DANCED ON SHERE KHAN'S HIDE

ਮੁਗਲੀ ਦਾ ਗੀਤ - ਮੈਂ । ਮੁਗਲੀ । ਗਾ ਰਿਹਾ ਹਾਂ ॥ ਜੰਗਲ ਨੂੰ ਸੁਣਨ ਦਿਓ ਜਿੜ੍ਹੇ ਕੱਮ ਮੈਂ ਕੀਤੇ ਨੇ ਓਨ੍ਹਾਂ ਬਾਰੇ ॥
The Song of Mowgli—I, Mowgli, am singing. Let the jungle listen to the things I have done.

ਸ਼ੇਰ ਖਾਂ ਨੇ ਕਿਹਾ ਸੀ ਕਿ ਓਹ ਮਾਰੂਗਾ - ਓਹ ਮਾਰੂਗਾ ! ਦਰਵਾਜਿਆਂ'ਤੇ ਸ਼ਾਮ ਨੂੰ ਓਹ ਮੁਗਲੀ ਨੂੰ ਮਾਰੂਗਾ । ਜਿੜ੍ਹਾ ਹੈ ਡੱਡੂ !
Shere Khan said he would kill—would kill! At the gates in the twilight he would kill Mowgli, the Frog!

ਓਨ੍ਹੇ ਖਾਧਾ'ਤੇ ਪੀਤ੍ਹਾ ॥ ਰੱਜ ਕੇ ਪੀ । ਸ਼ੇਰ ਖਾਂ । ਫੇਰ ਕਦੇ ਤੂੰ ਪੀਏਂਗਾਂ ਦੁਬਾਰਾ ? ਸੌਂ ਅਤੇ ਸੁਪਨਾ ਵੇਖ ਮਾਰਨ ਦਾ ॥
He ate and he drank. Drink deep, Shere Khan, for when wilt thou drink again? Sleep and dream of the kill.

ਮੈਂ ਚਰਗਾਹ'ਤੇ ਕਲ੍ਹਾ ਹਾਂ ॥ ਸਲੇਟੀ ਭਰਾ । ਮੇਰੇ ਕੋਲ ਆ ! ਮੇਰੇ ਕੋਲ ਆ । ਕਲ੍ਹੇ ਬਘਿਆੜ । ਕਿਓਂਕਿ ਸ਼ਿਕਾਰ ਹੈ ਨੇੜੇ ਵੱਢਾ ॥
I am alone on the grazing-grounds. Gray Brother, come to me! Come to me, Lone Wolf, for there is big game afoot!

ਮਹਾਨ ਝੋਟ੍ਹੇ ਮੱਝਾਂ ਲੈਕੇ ਆ । ਨੀਲੀ ਚੰਮੜੀ ਵਾਲੇ ਇੱਜੜ ਦੇ ਝੋਟ੍ਹੇ ਜਿਨ੍ਹਾਂ ਦੀਆਂ ਹੈਂ ਗੁੱਸੇ ਭਰੀਆਂ ਅੱਖਾਂ ॥ ਓਨ੍ਹਾਂ ਨੂੰ ਗ੍ਹਾਂ ਪਿਛਾਂ ਨ੍ਹੱਸਾ ਜਿਵੇਂ ਹੁਕਮ ਮੈਂ ਦੇਵਾਂ ॥
Bring up the great bull buffaloes, the blue-skinned herd bulls with the angry eyes. Drive them to and fro as I order.

ਨੀਂਦ'ਚ ਅਰਾਮ ਨਾਲ ਪਿਆ ਹੈਂ । ਕੀ ਤੂੰ ਸ਼ੇਰ ਖਾਂ ? ਉੱਠ । ਵੇ । ਉੱਠ ! ਇੱਥੇ ਮੈਂ ਆਇਆ । ਅਤੇ ਝੋਟ੍ਹੇ ਨੇ ਮੇਰੇ ਮਗਰ ॥
Sleepest thou still, Shere Khan? Wake, oh, wake! Here come I, and the bulls are behind.

ਰਾਮਾ । ਮੱਝਾਂ ਦੇ ਰਾਜੇ ਨੇ । ਅਪਨੇ ਪੈਰਾਂ ਨਾਲ ਮਿਧ ਸਿਟ੍ਰਿਆ ॥ ਓਹ ਪਾਣੀਓਂ ਵੇਨਗੰਗਾ ਦੇ । ਕਿੱਥੇ ਗਇਆ ਸ਼ੇਰ ਖਾਂ ?
Rama, the King of the Buffaloes, stamped with his foot. Waters of the Waingunga,

whither went Shere Khan?

ਓਹ ਇੱਕੀ ਨਹੀਂ ਹੈ ਜਿੜ੍ਹਾ ਟੋਏ ਪੁਟ੍ਟੇ । ਜਾਂ ਫੇਰ ਮਾਓ ਮੋਰ । ਕਿ ਓਹ ਉੱਡੇ ॥ ਓਹ ਮੰਗੂ ਚੱਮਗਿਦੂੜ ਨਹੀਂ । ਜਿੜ੍ਹਾ ਟ੍ਹਾਣੀਆਂ'ਚ ਪੁੱਠਾ ਲਟਕੇ ॥ ਛੋਟ੍ਟੇ ਬਾਂਸੋ ਜਿੜ੍ਹੇ ਕੱਠੇ ਤਿੜਕਦੇ ਪਏ ਹੋ । ਮੈਨੂੰ ਦੱਸੋ ਓਹ ਨ੍ਹੱਸ ਗਿਆ ਹੈ ਕਿੱਥੇ ?

He is not Ikki to dig holes, nor Mao, the Peacock, that he should fly. He is not Mang the Bat, to hang in the branches. Little bamboos that creak together, tell me where he ran?

ਓਹ ! ਓਹ ਓੱਥੇ ਹੈ ॥ ਵਾਹ ! ਓਹ ਓਥੇ ਹੈ ॥ ਰਾਮਾ ਦੇ ਪੈਰਾਂ ਹੇਠ ਪਿਆ ਹੈ ਲੰਗੜਾ ! ਉਠ । ਸ਼ੇਰ ਖਾਂ !

Ow! He is there. Ahoo! He is there. Under the feet of Rama lies the Lame One! Up, Shere Khan!

ਉਠ'ਤੇ ਮਾਰ ! ਮਾਸ ਇੱਥੇ ਹੈ । ਝੋਟ੍ਹਿਆਂ ਦੀ ਗਰਦਨ ਤੋੜ ਦੇ !

Up and kill! Here is meat; break the necks of the bulls!

ਸ਼ਸ਼ਸ਼ ! ਓਹ ਸੌਂ ਰਿਹਾ ਹੈ । ਅਸੀਂ ਓਨ੍ਹੂ ਨਹੀਂ ਹੈ ਉਠਾਉਣਾ । ਕਿਓਂਕਿ ਓਹ੍ਦੀ ਤਾਕਤ ਹੈ ਬਹੁਤ ਜਿਆਦਾ ॥ ਬਾਜ ਹੇਠਾਂ ਓਨ੍ਹੂ ਵੇਖਨ ਆਏ ਨੇ ॥ ਕਾਲੇ ਕਾੱਢੇ ਓਨ੍ਹੂ ਉੱਪਰ ਜਾਣਨ ਵਾਸ੍ਤੇ ਆਏ ਨੇ ॥ ਓਥੇ ਇਕ ਵੱਡਾ ਹੋਇਆ ਹੈ ਕੱਠ ਓਨ੍ਹੂ ਦੇਨ ਵਾਸ੍ਤੇ ਸਤਕਾਰ ॥

Hsh! He is asleep. We will not wake him, for his strength is very great. The kites have come down to see it. The black ants have come up to know it. There is a great assembly in his honor.

ਅਲਾਲਾ ! ਮੇਰੇ ਕੋਲ ਢਕਣ ਵਾਸ੍ਤੇ ਕੋਈ ਨਹੀਂ ਹੈ ਕਪੜਾ ॥ ਬਾਜ ਵੇਖਣਗੇ ਕਿ ਮੈਂ ਹਾਂ ਨੰਗਾ ॥ ਮੈਨੂੰ ਇਨ੍ਹਾਂ ਲੋਕਾਂ ਨੂੰ ਮਿਲਨ ਵਾਸ੍ਤੇ ਆਓਂਦੀ ਹੈ ਸ਼ਰਮ ॥

Alala! I have no cloth to wrap me. The kites will see that I am naked. I am ashamed to meet all these people.

ਮੈਨੂੰ ਅਪਨੀ ਜਤ੍ਤੂ ਉਧਾਰ ਦੇਦੇ । ਸ਼ੇਰ ਖਾਂ ॥ ਮੈਨੂੰ ਅਪਨੀ ਵਧੀਆ ਧਾਰੀਦਾਰ ਜਤ੍ਤੂ ਉਧਾਰ ਦੇਦੇ ਤਾਕਿ ਮੈਂ ਪੰਚਾਇਤੀ ਥੜ੍ਹੇ'ਤੇ ਜਾ ਸਕਾਂ ॥

Lend me thy coat, Shere Khan. Lend me thy gay striped coat that I may go to the Council Rock.

ਉਸ ਝੋਟ੍ਹੇ ਦੀ ਕਸਮ ਜਿਨ੍ਹੇ ਮੇਰੀ ਕੀਮਤ ਸੀ ਅਦਾ ਕੀਤ੍ਤੀ । ਮੈਂ ਖਾਧੀ ਹੈ ਇਕ ਕਸਮ ਛੋਟ੍ਟੀ ਜਿਹੀ - ਕਸਮ ਛੋਟ੍ਟੀ ਜਿਹੀ ॥ ਅਪਨੀ ਗੱਲ ਰੱਖਨ ਵਾਸ੍ਤੇ ਸਿਰਫ ਇਕ ਤੇਰੀ ਖੱਲ ਦੀ ਹੈ ਕਮੀ ॥

By the Bull that bought me I made a promise—a little promise. Only thy coat is lacking before I keep my word.

ਛੁਰੇ ਨਾਲ । ਛੁਰੇ ਨਾਲ ਜਿਸ ਦਾ ਇੱਸ੍ਤੇਮਾਲ ਆਦਮੀ ਕਰਦੇ ਨੇ । ਛੁਰੇ ਨਾਲ ਨਾਲ ਸ਼ਿਕਾਰੀ ਦੇ । ਮੈਂ ਅਪਨੇ ਤੋਹਫੇ ਵਾਸ੍ਤੇ ਹੇਠਾਂ

ਝੁਕਾਂਗਾ ॥

With the knife, with the knife that men use, with the knife of the hunter, I will stoop down for my gift.

ਵੇਨਗੰਗਾ ਦੇ ਪਾਣੀਓਂ । ਸ਼ੇਰ ਖਾਂ ਨੇ ਮੈਨੂੰ ਅਪਨੀ ਖੱਲ ਦਿਤ੍ਤੀ ਹੈ ਇਸ ਵਾਸ੍ਤੇ ਕਿ ਜਿੜ੍ਹਾ ਉਧਾ ਪਿਆਰ ਮੇਰੇ ਲਈ ਹੈ ॥ ਖਿਚ੍ਹ । ਸਲੇਟੀ ਭਰਾ ! ਖਿਚ੍ਹ । ਕਲ੍ਹਿਆ ! ਭਾਰੀ ਹੈ ਸ਼ੇਰ ਖਾਂ ਦੀ ਖੱਲ॥

Waters of the Waingunga, Shere Khan gives me his coat for the love that he bears me. Pull, Gray Brother! Pull, Akela! Heavy is the hide of Shere Khan.

ਆਦਮੀਆਂ ਦਾ ਦਲ ਮੇਰੇ ਤੋਂ ਖਫਾ ਹੈ । ਓਹ ਮਾਰਦੇ ਨੇ ਪੱਥਰ'ਤੇ ਕਰਦੇ ਨੇ ਬਚਕਾਨੀਆਂ ਗੱਲਾਂ ॥ ਮੇਰੇ ਮੂੰਹ ਤੋਂ ਲ੍ਹੂ ਵਗ੍ਹ ਰਿਹਾ ਹੈ ॥ ਮੈਨੂੰ ਨ੍ਹੱਸ ਜਾਣ ਦਿਓ ॥

The Man Pack are angry. They throw stones and talk child's talk. My mouth is bleeding. Let me run away.

ਇਸ ਰਾਤ'ਚ । ਇਸ ਗਰਮ ਰਾਤ'ਚ । ਮੇਰੇ ਨਾਲ ਤੇਜ ਦੌੜ੍ਹੋ । ਮੇਰੇ ਭਰਾਵੋ ॥ ਅਸੀਂ ਪਿੰਡ ਦੀਆਂ ਬਤ੍ਤੀਆਂ ਛੱਡ ਜਾਂਵਾਂਗੇ ਝੁਕੇ ਹੋਏ ਚੰਦ੍ਰਮਾਂ ਵੱਲ ॥

Through the night, through the hot night, run swiftly with me, my brothers. We will leave the lights of the village and go to the low moon.

ਵੇਨਗੰਗਾ ਦੇ ਪਾਣੀਓਂ । ਆਦਮੀਆਂ ਦੇ ਦਲ ਨੇ ਮੈਨੂੰ ਦਿਤ੍ਤਾ ਹੈ ਕੱਢ ॥ ਮੈਂ ਓਨ੍ਹਾਂ ਦਾ ਕੁਝ ਮਾੜਾ ਨਹੀਂ ਸੀ ਕੀਤ੍ਤਾ । ਮਗਰ ਓਹ ਮੇਰੇ ਤੋਂ ਖੌਫ ਸੀ ਖਾਂਦੇ ॥ ਕਿਓਂ ?

Waters of the Waingunga, the Man-Pack have cast me out. I did them no harm, but they were afraid of me. Why?

ਬਘਿਆੜਾਂ ਦੇ ਦਲ । ਤੁਸੀ ਭੀ ਮੈਨੂੰ ਬਾਹਰ ਦਿਤ੍ਤਾ ਹੈ ਕੱਢ ॥ ਜੰਗਲ ਦਾ ਰਾਹ ਮੇਰੇ ਵਾਸ੍ਤੇ ਬੰਦ ਹੈ ਅਤੇ ਪਿੰਡ ਦੇ ਦਰਵਾਜੇ ਮੇਰੇ ਵਾਸ੍ਤੇ ਬੰਦ ਨੇ ॥ ਕਿਓਂ ?

Wolf Pack, ye have cast me out too. The jungle is shut to me and the village gates are shut. Why?

ਜਿਵੇਂ ਮੰਗ੍ਹ ਵ੍ਹਸ਼ੀਆਂ ਅਤੇ ਪਰਿੰਦਿਆਂ'ਚ ਉੱਡਦਾ ਹੈ । ਇੰਝ ਮੈਂ ਉਡਦਾ ਹਾਂ ਪਿੰਡ ਅਤੇ ਜੰਗਲ'ਚ ॥ ਕਿਓਂ ?

As Mang flies between the beasts and birds, so fly I between the village and the jungle. Why?

ਮੈਂ ਸ਼ੇਰ ਖਾਂ ਦੀ ਖੱਲ ਤੇ ਨਚ੍ਹਦਾ ਹਾਂ । ਪਰ ਮੇਰਾ ਦਿਲ ਬ੍ਹਤ ਭਾਰੀ ਹੈ ॥ ਮੇਰਾ ਮੂੰਹ ਪਿੰਡ ਦੇ ਪੱਥਰਾਂ ਕਰਕੇ ਵੱਢਿਆ ਅਤੇ ਜਖਮੀ ਹੈ । ਮਗਰ ਮੇਰਾ ਦਿਲ ਬੜਾ ਹਲਕਾ ਹੈ । ਕਿਓਂਕਿ ਮੈਂ ਜੰਗਲ'ਚ ਵਾਪਸ ਆ ਗਿਆ ਹਾਂ ॥ ਕਿਓਂ?

I dance on the hide of Shere Khan, but my heart is very heavy. My mouth is cut and wounded with the stones from the village, but my heart is very light, because

I have come back to the jungle. Why?

ਇਹ ਦੋ ਗੱਲਾਂ ਮੇਰੇ ਅੰਦਰ ਜੰਗ ਕਰਦੀਆਂ ਪਈਆਂ ਨੇ ਜਿਵੇਂ ਸੱਪ ਲੜਦੇ ਨੇ ਬਸੰਤ'ਚ ॥ ਮੇਰੀਆਂ ਅੱਖਾਂ'ਚੋਂ ਪਾਣੀ ਆਓਂਦਾ ਹੈ ॥
ਪਰ ਫੇਰ ਭੀ ਮੈਂ ਹੱਸਦਾ ਹਾਂ ਜਦੋਂ ਇਹ ਡਿਗਦਾ ਹੈ ॥ ਕਿਓਂ ?

These two things fight together in me as the snakes fight in the spring. The water comes out of my eyes; yet I laugh while it falls. Why?

ਮੈਂ ਦੋ ਮੁਗਲੀ ਹਾਂ । ਪਰ ਸ਼ੇਰ ਖਾਂ ਦੀ ਖੱਲ ਮੇਰੇ ਪੈਰਾਂ'ਚ ਹੈ ॥

I am two Mowglis, but the hide of Shere Khan is under my feet.

ਪੂਰਾ ਜੰਗਲ ਜਾਣਦਾ ਹੈ ਕਿ ਮੈਂ ਸ਼ੇਰ ਖਾਂ ਨੂੰ ਮਾਰ ਦਿਤ੍ਤਾ ਹੈ ॥ ਵੇੱਖੋ - ਚੰਗੀ ਤਰ੍ਹਾਂ ਵੇੱਖੋ । ਓਹ ਬਘਿਆੜੋ !

All the jungle knows that I have killed Shere Khan. Look—look well, O Wolves!

ਆਹਾ ! ਜੇੜ੍ਹੀਆਂ ਗੱਲਾਂ ਮੈਨੂੰ ਸਮਝ ਨਹੀਂ ਆਓਂਦੀਆਂ ਓਨ੍ਹਾਂ ਕਰਕੇ ਮੇਰਾ ਦਿਲ ਹੈ ਬੜਾ ਭਾਰੀ ॥

Ahae! My heart is heavy with the things that I do not understand.

ਇਸ ਕਿਤਾਬ ਦੀ ਨਕਲ ਤੁਸੀਂ http://www.KhalsaSchool.net ਤੋਂ ਮੁਫ਼ਤ ਪਰਾਪਤ ਕਰ ਸਕਦੇ ਹੋਂ ॥

STRICTLY FOR FREE DISTRIBUTION.

A free copy of this book can be obtained from http://www.KhalsaSchool.net